World Punjabi News Network
WORLD PUNJABI ਪੰਜਾਬੀ | ਪੰਜਾਬੀ NEWS
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਪੰਜਾਬ ਵਿੱਚ ਰਾਤ ਦਾ ਕਰਫਿਊ ਤੇ ਹਫ਼ਤਾਵਾਰੀ ਲੌਕਡਾਊਨ 15 ਤੱਕ

## ਜਨਤਕ ਟਰਾਂਸਪੋਰਟ ਨੂੰ 50 ਫ਼ੀਸਦ ਸਵਾਰੀਆਂ ਨਾਲ ਚਲਾਉਣ ਦੀ ਪ੍ਰਵਾਨਗੀ; ਸਿਨੇਮਾ, ਬਾਰ, ਜਿਮ, ਕੋਚਿੰਗ ਸੈਂਟਰ ਤੇ ਖੇਡ ਕੰਪਲੈਕਸ ਵੀ ਰਹਿਣਗੇ ਬੰਦ




**ਚੰਡੀਗੜ੍ਹ।** ਪੰਜਾਬ ’ਚ ਕਰੋਨਾਵਾਇਰਸ ਦੇ ਵਧਦੇ ਕੇਸਾਂ ਨੂੰ ਵੇਖਦਿਆਂ ਪੰਜਾਬ ਸਰਕਾਰ ਨੇ ਸੂਬੇ ਵਿੱਚ ਸ਼ਾਮ 6 ਵਜੇ ਤੋਂ ਸਵੇਰੇ 5 ਵਜੇ ਤੱਕ ਅਤੇ ਹਫ਼ਤਾਵਾਰੀ ਕਰਫਿਊ ਨੂੰ 15 ਮਈ ਤੱਕ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਹੈ। ਕਰਫਿਊ ਦੌਰਾਨ ਜ਼ਰੂਰੀ ਕੰਮ ਲਈ ਆਵਾਜਾਈ ਕੀਤੀ ਜਾ ਸਕੇਗੀ ਜਦਕਿ ਗੈਰ ਜ਼ਰੂਰੀ ਆਵਾਜਾਈ ਪੂਰੀ ਤਰ੍ਹਾਂ ਬੰਦ ਰਹੇਗੀ। ਸੂਬੇ ਵਿੱਚ ਜਨਤਕ ਟਰਾਂਸਪੋਰਟ (ਬੱਸ, ਟੈਕਸੀ ਅਤੇ ਤਿੰਨ-ਪਹੀਆ ਵਾਹਨ) ਵੀ 50 ਫ਼ੀਸਦ ਸਵਾਰੀਆਂ ਨਾਲ ਚਲਾਉਣ ਦੇ ਆਦੇਸ਼ ਦਿੱਤੇ ਗਏ ਹਨ।

ਸਰਕਾਰੀ ਬੁਲਾਰੇ ਅਨੁਸਾਰ ਸੂਬੇ ਵਿਚਲੇ ਸਾਰੇ ਬਾਰ, ਸਿਨੇਮਾ ਹਾਲ, ਜਿਮ, ਸਪਾ, ਕੋਚਿੰਗ ਸੈਂਟਰ, ਸਵਿਮਿੰਗ ਪੂਲ, ਖੇਡ ਕੰਪਲੈਕਸ ਵੀ 15 ਮਈ ਤੱਕ ਬੰਦ ਰਹਿਣਗੇ। ਇਸ ਤੋਂ ਬਾਅਦ ਅਗਲਾ ਫ਼ੈਸਲਾ ਲਿਆ ਜਾਵੇਗਾ। ਸਾਰੇ ਰੈਸਟੋਰੈਂਟ, ਹੋਟਲ, ਕੈਫੇ, ਕਾਫੀ ਸ਼ੋਪ, ਫਾਸਟ ਫੂਡ ਦੀਆਂ ਦੁਕਾਨਾਂ ਅਤੇ ਢਾਬਿਆਂ ’ਤੇ ਬਿਠਾ ਕੇ ਖਵਾਉਣ ’ਤੇ ਪਾਬੰਦੀ ਲਗਾਈ ਗਈ ਹੈ। ਪਰ ਰਾਤ 9 ਵਜੇ ਤੱਕ ਘਰ ਲਿਜਾਣ ਅਤੇ ਹੋਮ ਡੀਲਿਵਰੀ ਦੀ ਇਜਾਜ਼ਤ ਦਿੱਤੀ ਗਈ ਹੈ। ਸੂਬੇ ਵਿਚਲੀਆਂ ਸਾਰੀਆਂ ਦੁਕਾਨਾਂ, ਮਾਲਜ਼ ਅਤੇ ਮਲਟੀਪਲੈਕਸ ਰੋਜ਼ਾਨਾ ਸ਼ਾਮ 5 ਵਜੇ ਬੰਦ ਕਰ ਦਿੱਤੇ ਜਾਣਗੇ। ਹਫ਼ਤਾਵਰੀ ਮੰਡੀਆਂ ਵੀ ਅਗਲੇ ਹੁਕਮਾ ਤੱਕ ਬੰਦ ਕੀਤੀਆਂ ਗਈਆਂ ਹਨ। ਸਾਰੇ ਸਮਾਜਿਕ, ਧਾਰਮਿਕ, ਸੱਭਿਆਚਾਰਕ ਅਤੇ ਖੇਡ ਸਮਾਗਮ ਕਰਵਾਉਣ ’ਤੇ ਪਾਬੰਦੀ ਲਗਾਈ ਗਈ ਹੈ। ਵਿਆਹ ਸਮਾਗਮ ਅਤੇ ਸਸਕਾਰ ਵਿੱਚ 20 ਜਣਿਆਂ ਦੇ ਇਕੱਠ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਜਦਕਿ ਪ੍ਰਸ਼ਾਸਨਿਕ ਪ੍ਰਵਾਨਗੀ ਨਾਲ 10 ਜਣੇ ਹੋਰ ਇਕੱਠੇ ਹੋ ਸਕਣਗੇ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਸਾਰੇ ਰਾਜਨੀਤਕ ਸਮਾਗਮਾਂ ’ਤੇ ਵੀ ਪਾਬੰਦੀ ਲਗਾਈ ਗਈ ਹੈ। ਜੇਕਰ ਪਾਬੰਦੀ ਦੇ ਬਾਵਜੂਦ ਕੋਈ ਵੀ ਇਕੱਠ ਕਰਦਾ ਹੈ ਤਾਂ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਜੇਕਰ ਕੋਈ ਵਿਅਕਤੀ ਧਾਰਮਿਕ, ਸਮਾਜਿਕ ਜਾਂ ਰਾਜਨੀਤਕ ਸਮਾਗਮ ਵਿੱਚ ਸ਼ਮੂਲੀਅਤ ਕਰਦਾ ਹੈ ਤਾਂ ਉਸ ਨੂੰ 5 ਦਿਨਾਂ ਲਈ ਇਕਾਂਤਵਾਸ ਵਿੱਚ ਰੱਖਿਆ ਜਾਵੇਗਾ ਅਤੇ ਕਰੋਨਾ ਟੈਸਟ ਲਾਜ਼ਮੀ ਕਰਵਾਉਣਾ ਪਵੇਗਾ। ਸੂਬੇ ਦੇ ਸਕੂਲ, ਕਾਲਜ ਅਤੇ ਹੋਰ ਸਿੱਖਿਆ ਅਦਾਰੇ ਵੀ 15 ਮਈ ਤੱਕ ਬੰਦ ਰਹਿਣਗੇ ਪਰ ਸਕੂਲਾਂ ਦੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਦੀ ਹਾਜ਼ਰੀ ਜ਼ਰੂਰੀ ਹੈ। ਇਸ ਦੇ ਨਾਲ ਹੀ ਸਾਰੇ ਨਿੱਜੀ ਦਫ਼ਤਰਾਂ ਦੇ ਮੁਲਾਜ਼ਮਾਂ ਨੂੰ ਘਰੋਂ ਕੰਮ ਕਰਵਾਉਣ ਦੇ ਆਦੇਸ਼ ਦਿੱਤੇ ਗਏ ਹਨ। ਸੂਬਾ ਸਰਕਾਰ ਨੇ ਪੁਲੀਸ ਅਧਿਕਾਰੀਆਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਪਾਬੰਦੀਆਂ ਦੀ ਸਖਤੀ ਨਾਲ ਪਾਲਣਾ ਕਰਵਾਉਣ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਆਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸਾਰਿਆਂ ਨੂੰ ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਨ ਅਤੇ ਹਰ ਸਮੇਂ ਮਾਸਕ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਹੈ।

### ਦਵਾਈ, ਡੇਅਰੀ, ਸਬਜ਼ੀ ਅਤੇ ਫਲਾਂ ਦੀ ਦੁਕਾਨਾਂ ਖੁੱਲ੍ਹਣਗੀਆਂ

ਸੂਬਾ ਸਰਕਾਰ ਵੱਲੋਂ ਲਗਾਏ ਗਏ ਰਾਤ ਦੇ ਕਰਫਿਊ ਅਤੇ ਹਫ਼ਤਾਵਾਰੀ ਕਰਫਿਊ ਦੌਰਾਨ ਦਵਾਈਆਂ, ਡੇਅਰੀ, ਸਬਜ਼ੀ ਅਤੇ ਫਲਾਂ ਅਤੇ ਜ਼ਰੂਰੀ ਸਾਮਾਨ ਦੀਆਂ ਦੁਕਾਨਾਂ ਖੁੱਲ੍ਹ ਸਕਣਗੀਆਂ। ਸ਼ਹਿਰੀ ਅਤੇ ਦਿਹਾਤੀ ਖੇਤਰ ਵਿੱਚ ਨਿਰਮਾਣ ਕਾਰਜ ਜਾਰੀ ਰਹਿਣਗੇ ਅਤੇ ਖੇਤੀਬਾੜੀ, ਪਸ਼ੂ ਪਾਲਣ ਦੇ ਕੰਮਕਾਜ ਨੂੰ ਵੀ ਛੁੱਟ ਦਿੱਤੀ ਗਈ ਹੈ। ਇਸ ਤੋਂ ਇਲਾਵਾ ਟੈਲੀ ਕਮਿਊਨੀਕੇਸ਼ਨ, ਇੰਟਰਨੈੱਟ ਸੇਵਾਵਾਂ, ਕੇਬਲ ਸਰਵਿਸ, ਪੈਟਰੋਲ ਪੰਪ, ਐੱਲਪੀਜੀ ਦੀਆਂ ਸੇਵਾਵਾਂ ਜਾਰੀ ਰਹਿਣਗੀਆਂ।

### ਪੰਜਾਬ ’ਚ ਰਿਕਾਰਡ 138 ਹੋਰ ਮੌਤਾਂ

ਪੰਜਾਬ ਵਿੱਚ ਪਿਛਲੇ ਇੱਕ ਦਿਨ ਦੌਰਾਨ ਕਰੋਨਾਵਾਇਰਸ ਨੇ ਰਿਕਾਰਡ 138 ਹੋਰ ਵਿਅਕਤੀਆਂ ਦੀ ਜਾਨ ਲੈ ਲਈ ਹੈ। ਸੂਬੇ ਵਿੱਚ ਇਸ ਸਮੇਂ ਦੌਰਾਨ 7041 ਨਵੇਂ ਮਾਮਲੇ ਵੀ ਸਾਹਮਣੇ ਆਏ ਹਨ। ਸੂਬੇ ਵਿੱਚ ਹੁਣ ਤੱਕ 9160 ਵਿਅਕਤੀਆਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਸਿਹਤ ਵਿਭਾਗ ਦਾ ਦੱਸਣਾ ਹੈ ਕਿ ਪੰਜਾਬ ਅੰਦਰ ਲੰਘੇ ਸਾਲ ਮਾਰਚ ਮਹੀਨੇ ਤੋਂ ਸ਼ੁਰੂ ਹੋਈ ਮਹਾਮਾਰੀ ਦੀ ਮਾਰ ਦੌਰਾਨ ਸੂਬੇ ਵਿੱਚ ਹੁਣ ਤੱਕ 3.77 ਲੱਖ ਤੋਂ ਵੱਧ ਵਿਅਕਤੀ ਲਾਗ ਦਾ ਸ਼ਿਕਾਰ ਹੋ ਚੁੱਕੇ ਹਨ ਤੇ 3.10 ਲੱਖ ਤੋਂ ਵੱਧ ਠੀਕ ਵੀ ਹੋਏ ਹਨ। ਲੰਘੇ ਇੱਕ ਦਿਨ ਦੌਰਾਨ ਬਠਿੰਡਾ ’ਚ 22, ਲੁਧਿਆਣਾ ’ਚ 18, ਗੁਰਦਾਸਪੁਰ ਤੇ ਪਟਿਆਲਾ ’ਚ 12-12, ਸੰਗਰੂਰ ’ਚ 10, ਅੰਮ੍ਰਿਤਸਰ, ਮੁਹਾਲੀ ਤੇ ਜਲੰਧਰ ’ਚ 8-8, ਫਾਜ਼ਿਲਕਾ ’ਚ 7, ਹੁਸ਼ਿਆਰ-ਪੁਰ ’ਚ 6, ਮੁਕਤਸਰ ’ਚ 5, ਕਪੂਰਥਲਾ, ਰੋਪੜ ਤੇ ਬਰਨ-ਾਲਾ ’ਚ 4-4, ਪਟਿਆਲਾ ਤੇ ਤਰਨਤਾਰਨ ’ਚ 2-2 ਤੇ ਮਾਨਸਾ ’ਚ ਇੱਕ ਵਿਅਕਤੀ ਦੀ ਮੌਤ ਹੋਈ ਹੈ।

# ਖੇਤੀ ਕਾਨੂੰਨ: ਕਿਸਾਨਾਂ ਨੂੰ ਦਿੱਲੀ ਕੂਚ ਕਰਨ ਲਈ ਤਿਆਰ ਰਹਿਣ ਦਾ ਸੱਦਾ

**ਨੂਰਪੁਰ ਬੇਦੀ।** ਪਿੰਡ ਚੈਹਿੜ ਮੁਜ਼ਾਰਾ ਵਿੱਚ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨ ਰੈਲੀ ਕੀਤੀ ਗਈ। ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਿਸਾਨਾਂ ਨਾਲ ਕਾਲੇ ਕਾਨੂੰਨ ਬਣਾ ਕੇ ਜੋ ਧੋਖਾ ਕੀਤਾ ਹੈ, ਉਸ ਨੂੰ ਬਰਦ-ਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਦਿੱਲੀ ਵੱਲ ਕੂਚ ਕਰਨ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਚੜੂਨੀ ਨੇ ਕਿਹਾ ਕਿ ਕੇਂਦਰ ਸਰਕਾਰ ਜਿੰਨਾ ਚਿਰ ਖੇਤੀ ਕਾਨੂੰਨ ਰੱਦ ਨਹੀਂ ਕਰਦੀ, ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂ ਨਿਰਭੈ ਸਿੰਘ ਢੁੱਡੀਕੇ ਨੇ ਕਿਹਾ ਕਿ ਮੋਦੀ ਸਰਕਾਰ ਕਰੋਨਾ ਦੇ ਨਾਂ ’ਤੇ ਕਿਸਾਨ ਸੰਘਰਸ਼ ਨੂੰ ਅਸਫ਼ਲ ਬਣਾਉਣ ਲਈ ਕੋਝੀਆਂ ਚਾਲਾਂ ਚੱਲ ਰਹੀ ਹੈ ਜਿਸ ਨੂੰ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਧਰਨਿਆਂ ’ਚ ਡਟੇ ਕਿਸਾਨਾਂ ਦੇ ਜਜ਼ਬੇ ਨੂੰ ਸਲਾਮ ਕੀਤਾ। ਬੂਟਾ ਸਿੰਘ ਬੁਰਜਗਿੱਲ ਨੇ ਮੰਗ ਕੀਤੀ ਕਿ ਕੈਪਟਨ ਸਰਕਾਰ ਖੇਤੀ ਕਾਨੂੰਨਾਂ ਖ਼ਿਲਾਫ਼ ਵਿਧਾਨ ਸਭਾ ’ਚ ਪਾਸ ਕੀਤੇ ਗਏ ਮਤੇ ਦੀ ਤਰਜ਼ ’ਤੇ ਹੁਣ ਮੋਦੀ ਸਰਕਾਰ ਵੱਲੋਂ ਬਣਾਏ ਗਏ ਮਜ਼ਦੂਰਾਂ ਦੇ ਲੇਬਰ ਕੋਡਾਂ ਖ਼ਿਲਾਫ਼ ਵੀ ਮਤਾ ਪਾਸ ਕਰੇ। ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਕੇਂਦਰ ਸਰਕਾਰ ਸਾਮਰਾਜੀ ਨੀਤੀਆਂ ਤਹਿਤ ਪੂੰਜੀਪਤੀਆਂ ਨੂੰ ਖੇਤੀ ਖੇਤਰ ਵਿੱਚ ਪ੍ਰਵੇਸ਼ ਕਰਵਾ ਕੇ 55 ਕਰੋੜ ਲੋਕਾਂ ਨੂੰ ਖੇਤੀਬਾੜੀ ਵਿੱਚੋਂ ਬਾਹਰ ਕਰਨਾ ਚਾਹੁੰਦੀ ਹੈ। ਆਗੂਆਂ ਨੇ ਕਿਹਾ ਕਿ ਪੂੰਜੀਪਤੀਆਂ ਖ਼ਿਲਾਫ਼ ਇਹ ਲੜਾਈ ਹੁਣ ਲੋਕਾਂ ਦੀ ਹੋਂਦ ਦਾ ਮਸਲਾ ਬਣ ਚੁੱਕੀ ਹੈ। ਇਸ ਰੈਲੀ ਨੂੰ ਆਦਾਕਾਰਾ ਸੋਨੀਆ ਮਾਨ, ਜਗਦੀਪ ਕੌਰ ਢੱਡੀ, ਸੁਖਵਿੰਦਰ ਸਿੰਘ ਬੜਵਾ ਪ੍ਰਧਾਨ ਸਾਂਝੀ ਸੱਥ, ਬਾਬਾ ਸੁੱਚਾ ਸਿੰਘ ਮੰਡੇਰ ਕਲਵਾਂ, ਗੋਲਡੀ ਅਟਵਾਲ ਕਲਵਾਂ, ਜਗਅਮਨ ਸਿੰਘ ਪੜੀ, ਕਿਰਤੀ ਮੋਰਚਾ ਰੂਪਨਗਰ ਦੇ ਵੀਰ ਸਿੰਘ



ਬੜਵਾ, ਇਫਟੂ ਦੇ ਕੁਲਵਿੰਦਰ ਸਿੰਘ ਵੜੈਚ ਤੇ ਹੋਰ ਮੌਜੂਦ ਸਨ।

### ਕਿਸਾਨ ਆਗੂਆਂ ਖ਼ਿਲਾਫ਼ ਕੇਸ ਦਰਜ

ਤਾਲਾਬੰਦੀ ਦੀ ਉਲੰਘਣਾ ਦੇ ਦੋਸ਼ ਹੇਠ ਪੁਲੀਸ ਨੇ ਕੁਝ ਕਿਸਾਨ ਆਗੂਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਥਾਣਾ ਮੁਖੀ ਬਿਕਰਮ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਆਗੂਆਂ ਨੇ ਪਾਬੰਦੀ ਦੇ ਬਾਵਜੂਦ ਲੋਕ ਇੱਕਠ ਕੀਤਾ, ਉਨ੍ਹਾਂ ਵਿੱਚ ਕਿਸਾਨ ਮੋਰਚਾ ਦੇ ਜ਼ਲ੍ਹਿਾ ਪ੍ਰਧਾਨ ਵੀਰ ਸਿੰਘ ਬੜਵਾ, ਤਰਸੇਮ ਸਿੰਘ ਜੱਟਪੁਰ, ਰੁਪਿੰਦਰ ਸੰਦੋਆ, ਰਣਵੀਰ ਸਿੰਘ ਰੰਧਾਵਾ, ਹਰਪ੍ਰੀਤ ਕੌਰ ਕੋਟਲਾ, ਹਰਪ੍ਰੀਤ ਸਿੰਘ ਕਾਹਲੋਂ, ਰਾਮ ਕੁਮਾਰ ਮੁਕਾਰੀ, ਸੁੱਚਾ ਸਿੰਘ ਕਲਵਾਂ, ਗਾਇਕ ਪੰਮਾ ਡੂਮੇਵਾਲੀਆ ਸਮੇਤ ਹੋਰ ਤੇ ਸ਼ਾਮਲ ਹਨ। ਪੁਲੀਸ ਨੇ ਇਹ ਆਈਪੀਸੀ ਦੀ ਧਾਰਾ 188, 269 ਆਈਪੀਸੀ ਅਤੇ 52ਏ ਡੀਐੱਮ ਐਕਟ ਤਹਿਤ ਦਰਜ ਕੀਤਾ ਹੈ।

### ਰੈਲੀ ਰੱਦ ਕਰਵਾਉਣ ’ਚ ਪੁਲੀਸ ਨਕਾਮ

ਕਾਨਫਰੰਸ ਵਾਲੀ ਥਾਂ ’ਤੇ ਪੁਲੀਸ ਨੇ ਸਖ਼ਤ ਪ੍ਰਬੰਧ ਕੀਤੇ ਹੋਏ ਸਨ। ਪੁਲੀਸ ਨੇ ਇਸ ਰੈਲੀ ਨੂੰ ਰੱਦ ਕਰਵਾਉਣ ਲਈ ਉਥੇ ਲੱਗੇ ਟੈਂਟਾਂ ਨੂੰ ਹਟਾਉਣ ਦਾ ਯਤਨ ਕੀਤਾ ਪਰ ਨੇੜਲੇ ਪਿੰਡਾਂ ਦੀਆਂ ਕਿਸਾਨ ਔਰਤਾਂ ਨੇ ਇਕੱਠੇ ਹੋ ਕੇ ਪੁਲੀਸ ਦੀ ਇਹ ਯੋਜਨਾ ਨਾਕਾਮ ਬਣਾ ਦਿੱਤੀ ਅਤੇ ਪੁਲੀਸ ਨੂੰ ਨਿਰਾਸ਼ ਹੋ ਕੇ ਮੁੜਨਾ ਪਿਆ।

# ਬੱਤਰਾ ਹਸਪਤਾਲ ’ਚ ਆਕਸੀਜਨ ਦੀ ਘਾਟ ਕਾਰਨ 12 ਮੌਤਾਂ

**ਨਵੀਂ ਦਿੱਲੀ।** ਇੱਥੋਂ ਦੇ ਬੱਤਰਾ ਹਸਪਤਾਲ ’ਚ ਅੱਜ ਆਕਸੀਜਨ ਦੀ ਘਾਟ ਕਾਰਨ ਗੈਸਟਰੋਐਂਟ੍ਰੋਲੌਜੀ ਵਿਭਾਗ ਦੇ ਮੁਖੀ ਸਮੇਤ 12 ਕਰੋਨਾ ਪੀੜਤਾਂ ਦੀ ਮੌਤ ਹੋ ਗਈ ਹੈ। ਹਸਪਤਾਲ ਦੇ ਮੈਡੀਕਲ ਡਾਇਰੈਕਟਰ ਐੱਸਸੀਐੱਲ ਗੁਪਤਾ ਨੇ ਕਿਹਾ ਕਿ ਜਿਨ੍ਹਾਂ 12 ਜਣਿਆਂ ਦੀ ਮੌਤ ਹੋਈ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕਾਂ ’ਚ ਗੈਸਟਰੋਐਂਟ੍ਰੋਲੌਜੀ ਵਿਭਾਗ ਦੇ ਮੁਖੀ ਆਰਕੇ ਹਿਮਥਾਨੀ ਵੀ ਸ਼ਾਮਲ ਹਨ। ਉਨ੍ਹਾਂ ਦੀ ਮੌਤ ਵੀ ਆਕਸੀਜਨ ਦੀ ਘਾਟ ਕਾਰਨ ਹੋਈ ਹੈ। ਉਨ੍ਹਾਂ ਕਿਹਾ ਕਿ ਡਾ. ਹਿਮਥਾਨੀ ਪਿਛਲੇ 15-20 ਦਿਨ ਤੋਂ ਹਸਪਤਾਲ ’ਚ ਦਾਖਲ ਸਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਘਟਨਾ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਟਵੀਟ ਕੀਤਾ, ‘ਇਹ ਬਹੁਤ ਹੀ ਦੁਖਦਾਈ ਖ਼ਬਰ ਹੈ। ਜੇਕਰ ਉਨ੍ਹਾਂ ਨੂੰ ਸਮੇਂ ਸਿਰ ਆਕਸੀਜਨ ਮਿਲ ਜਾਂਦੀ ਤਾਂ ਇਨ੍ਹਾਂ ਦੀ ਜਾਨ ਬਚਾਈ ਜਾ ਸਕਦੀ ਸੀ। ਉੱਧਰ ਹਸਪਤਾਲ ਦੇ ਮੈਡੀਕਲ ਡਾਇਰੈਕਟਰ ਨੇ ਕਿਹਾ ਕਿ ਅੱਜ ਸਵੇਰੇ ਜਦੋਂ ਉਨ੍ਹਾਂ ਕੋਲ 2500 ਲਿਟਰ ਆਕਸੀਜਨ ਹੀ ਬਾਕੀ ਰਹਿ ਗਈ ਸੀ ਤਾਂ ਉਨ੍ਹਾਂ ਸਬੰਧਤ ਅਥਾਰਿਟੀਆਂ ਨੂੰ ਆਕਸੀਜਨ ਦੀ ਘਾਟ ਬਾਰੇ ਸੂਚਨਾ ਦੇ ਦਿੱਤੀ ਸੀ। 12.30 ਵਜੇ ਦੇ




ਕਰੀਬ ਹਸਪਤਾਲ ਦੀਆਂ ਅਥਾਰਿਟੀਆਂ ਨੇ ਕਿਹਾ ਕਿ ਉਨ੍ਹਾਂ ਕੋਲ ਆਕਸੀਜਨ ਮੁੱਕ ਗਈ ਹੈ ਜਦਕਿ ਆਕਸੀਜਨ ਦਾ ਟੈਂਕਰ ਬਾਅਦ ਦੁਪਹਿਰ 1.35 ਵਜੇ ਪਹੁੰਚਿਆ। ਇਸੇ ਦੌਰਾਨ ਦਿੱਲੀ ਦੇ ਵਸੰਤ ਕੁੰਜ ਸਥਿਤ ਫੋਰਟਿਸ ਹਸਪਤਾਲ ’ਚ ਆਕਸੀਜਨ ਦੀ ਘਾਟ ਕਾਰਨ ਮਰੀਜ਼ਾਂ ਦਾ ਦਾਖਲਾ ਰੋਕ ਦਿੱਤਾ ਹੈ। ਇਸੇ ਤਰ੍ਹਾਂ ਮੀਰਾ ਬਾਗ ਸਥਿਤ ਸਹਿਗਲ ਨੀਓ ਹਸਪਤਾਲ ਨੇ ਆਕਸੀਜਨ ਦੀ ਮੰਗ ਕੀਤੀ ਹੈ।

OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL — WEB PRESENCE PROVIDER
SmartBrainz EXPLORE. CHOOSE. BUY. — TECHNOLOGY PROVIDER
WORLD PUNJABI NEWS NETWORK — NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਮਈ ਦਿਵਸ ਦੀ ਅਜੋਕੀ ਸਾਰਥਕਤਾ



ਮਈ ਦਿਵਸ ਮਜ਼ਦੂਰ ਦਿਹਾੜੇ ਦੇ ਤੌਰ ਤੇ ਦੁਨੀਆ ਭਰ ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਦਾ ਪਿਛੋਕੜ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ ਹੋਈ ਮਜ਼ਦੂਰਾਂ ਵੱਲੋਂ ਪਹਿਲੀ ਮਈ 1886 ਦੀ ਹੜਤਾਲ ਨਾਲ ਸਬੰਧਤ ਹੈ। ਇਹ ਦਿਨ ਮਜ਼ਦੂਰਾਂ ਵੱਲੋਂ ਆਪਣੇ ਹੱਕਾਂ ਲਈ ਲੜੇ ਅੰਦੋਲਨ ਦੀ ਜਿੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਦਿਹਾੜੇ ਦੀ ਸਾਰਥਿਕਤਾ ਨੂੰ ਧਿਆਨ ਵਿਚ ਰੱਖਦਿਆਂ ਇਹ ਦੇਖਣਾ ਜ਼ਰੂਰੀ ਹੋ ਜਾਂਦਾ ਹੈ ਕਿ ਅੱਜ ਮਜ਼ਦੂਰਾਂ ਦੀ ਕੀ ਹਾਲਤ ਹੈ। ਅੱਜ ਮੁਲਕ ਅੰਦਰ ਨਵੇਂ ਕਿਰਤ ਕਾਨੂੰਨਾਂ ਤਹਿਤ ਜੋ ਹਮਲਾ ਮਜ਼ਦੂਰਾਂ ਤੇ ਹੋ ਰਿਹਾ ਹੈ, ਉਸ ਬਾਰੇ ਚੇਤੰਨ ਹੋਣ ਦੀ ਲੋੜ ਹੈ। ਮਜ਼ਦੂਰ ਵਰਗ ਤ੍ਰਾਸਦੀ ਵਿਚੋਂ ਲੰਘ ਰਿਹਾ ਹੈ। ਜੋ ਹੱਕ ਮਜ਼ਦੂਰਾਂ ਨੇ ਤਿੱਖਾ ਸੰਘਰਸ਼ ਕਰ ਕੇ ਪ੍ਰਾਪਤ ਕੀਤੇ ਸਨ, ਉਹ ਖੋਹੇ ਜਾ ਰਹੇ ਹਨ।

ਪੱਛਮ ਵਿਚ ਆਈ ਉਦਯੋਗਿਕ ਕ੍ਰਾਂਤੀ ਨੇ ਦੋ ਜਮਾਤਾਂ ਪੈਦਾ ਕੀਤੀਆਂ- ਸਰਮਾਏਦਾਰ (ਪੂੰਜੀਪਤੀ) ਤੇ ਮਜ਼ਦੂਰ ਵਰਗ। ਪੂੰਜੀਪਤੀ ਦਾ ਮੁੱਖ ਮਕਸਦ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਸੀ। ਉਸ ਦਾ ਪੈਦਾਵਾਰੀ ਸਾਧਨਾਂ ਤੇ ਕਬਜ਼ਾ ਹੋਣ ਕਰ ਕੇ ਮਰਜ਼ੀ ਚਲਾਉਂਦਾ ਸੀ, ਇਸ ਲਈ ਫੈਕਟਰੀਆਂ ਵਿਚ ਮਜ਼ਦੂਰਾਂ ਤੋਂ 18-18 ਘੰਟੇ ਕੰਮ ਲਿਆ ਜਾਂਦਾ, ਮਿਹਨਤਾਨਾ ਬਹੁਤ ਘੱਟ ਮਿਲਦਾ ਸੀ। ਜਦੋਂ ਮਜ਼ਦੂਰਾਂ ਵਿਚ ਚੇਤਨਾ ਪੈਦਾ ਹੋਈ ਤਾਂ ਉਨਾਂ ਨੇ ਆਪਣੀਆਂ ਜਥੇਬੰਦੀਆਂ ਬਣਾਈਆਂ ਤੇ ਆਪਣੇ ਹੱਕਾਂ ਲਈ ਸੰਘਰਸ਼ ਸ਼ੁਰੂ ਕਰ ਦਿੱਤਾ। ਮਕੈਨਿਕਲ ਯੂਨੀਅਨ ਆਫ ਫਿਲਾਡੈਲਫੀਆ ਨੇ ਪਹਿਲੀ ਵਾਰ 10 ਘੰਟੇ ਦਿਹਾੜੀ ਦੀ ਮੰਗ ਕਰਦਿਆਂ ਹੜਤਾਲ ਕੀਤੀ। ਆਸਟਰੇਲੀਆ ਵਿਚ 1856 ਨੂੰ ਬਿਲਿਡਿੰਗ ਟਰੇਡ ਵਰਕਰਜ਼ ਇਹ ਮੰਗ ਮਨਾਉਣ ਵਿਚ ਸਫਲ ਹੋ ਗਏ ਪਰ 1866 ਵਿਚ ਨੈਸ਼ਨਲ ਲੇਬਰ ਯੂਨੀਅਨ ਦੀ ਸਥਾਪਨਾ ਕਨਵੈਨਸ਼ਨ ਵਿਚ 8 ਘੰਟੇ ਦੀ ਦਿਹਾੜੀ ਦਾ ਮਤਾ ਪਾਸ ਹੋਇਆ। ਇਹ ਅੰਦੋਲਨ ਅਮਰੀਕਾ ਵਿਚ ਨੈਸ਼ਨਲ ਲੇਬਰ ਯੂਨੀਅਨ ਨੇ ਵੀ ਉਭਾਰਿਆ। ਇਹ ਸ਼ਿਕਾਗੋ ਵਿਚ ਸ਼ੁਰੂ ਹੋਇਆ ਜੋ ਸਿਰਫ਼ ਕੰਮ ਦੇ ਘੰਟਿਆਂ ਤੱਕ ਸੀਮਤ ਨਾ ਰਹਿ ਕੇ ਕੰਮ ਦੀਆਂ ਹਾਲਤਾਂ ਸੁਧਾਰਨਾ, ਉਜਰਤਾਂ, ਗ਼ੁਲਾਮੀ ਖ਼ਤਮ ਕਰਨ ਤੇ ਲੁੱਟ ਦੇ ਪ੍ਰਬੰਧ ਨੂੰ ਬਦਲਣ ਤੇ ਕੇਂਦਰਿਤ ਸੀ। ਇਸ ਅੰਦੋਲਨ ਵਿਚ ਔਰਤ ਮਰਦ, ਦੋਨਾਂ ਨੇ ਬਰਾਬਰ ਹਿੱਸਾ ਲਿਆ। ਪਹਿਲੀ ਮਈ ਵਾਲੇ ਦਿਨ ਇਹ ਅੰਦੋਲਨ ਸ਼ਿਕਾਗੋ ਵਿਚ ਸ਼ੁਰੂ ਹੋਇਆ। 3 ਮਈ ਨੂੰ ਸ਼ਾਂਤਮਈ ਹੜਤਾਲ ਕਰਦੇ ਮਜ਼ਦੂਰਾਂ ਉਤੇ ਗੋਲੀਆਂ ਚਲਾ ਕੇ ਪੁਲੀਸ ਨੇ 7 ਮਜ਼ਦੂਰ ਮਾਰ ਦਿੱਤੇ। ਇਨ੍ਹਾਂ ਮਜ਼ਦੂਰਾਂ ਦੀ ਹੱਤਿਆ ਵਿਰੁੱਧ ਜਦੋਂ ਹੇਅ ਮਾਰਕੀਟ ਦੇ ਚੁਰਸਤੇ ਸਭਾ ਹੋ ਰਹੀ ਸੀ ਤਾਂ ਭੀੜ ਵਿਚ ਬੰਬ ਸੁੱਟਣ ਨਾਲ ਇੱਕ ਪੁਲੀਸ ਸਾਰਜੈਂਟ ਮਾਰਿਆ ਗਿਆ। ਇਸ ਪਿੱਛੋਂ ਵੱਡੇ ਪੱਧਰ ਤੇ ਮਜ਼ਦੂਰਾਂ ਦੀ ਗ੍ਰਿਫਤਾਰੀ ਹੋਈ। ਮਜ਼ਦੂਰ ਅੰਦੋਲਨ ਦੇ ਆਗੂ ਪਾਰਸਨਜ਼, ਫਿਸ਼ਰ, ਸਪਾਈਸ ਤੇ ਏਂਜਲ ਨੂੰ ਫਾਂਸੀ ਤੇ ਚੜ੍ਹਾ ਦਿੱਤਾ ਗਿਆ। ਇਸ ਘਟਨਾ ਦਾ ਵਿਰੋਧ ਮਜ਼ਦੂਰ ਜਮਾਤ ਵਿਚ ਤਿੱਖਾ ਹੋਇਆ। ਸ਼ਿਕਾਗੋ ਦੀਆਂ ਸਾਰੀਆਂ ਮਜ਼ਦੂਰ ਫੈਡਰੇਸ਼ਨਾਂ ਵਿਚ ਔਰਤਾਂ ਦੀ ਸਰਗਰਮ ਭੂਮਿਕਾ ਰਹੀ। ਲੂਸੀ ਪਾਰਸਨਜ਼, ਲਿਜੀ ਹਾਮਸ, ਸਰਾਹ ਏਮਸ ਆਦਿ ਔਰਤਾਂ ਨੇ ਅਹਿਮ ਭੂਮਿਕਾ ਨਿਭਾਈ। ਇਸ ਤਿੱਖੇ ਸੰਘਰਸ਼ ਦੀ ਬਦੌਲਤ ਮਜ਼ਦੂਰ ਜਮਾਤ ਦੀ ਅੱਠ ਘੰਟੇ ਦਿਹਾੜੀ ਦੀ ਮੰਗ ਸਵੀਕਾਰੀ ਗਈ ਅਤੇ 14 ਜੁਲਾਈ ਨੂੰ ਪੈਰਿਸ ਕਾਨਫਰੰਸ ਵਿਚ ਪਹਿਲੀ ਮਈ ਨੂੰ ਮਜ਼ਦੂਰ ਦਿਹਾੜੇ ਵੱਲੋਂ ਸਥਾਪਤ ਕੀਤਾ ਗਿਆ।

ਭਾਰਤ ਵਿਚ ਪਹਿਲੀ ਮਈ 1923 ਨੂੰ ਮਜ਼ਦੂਰ ਦਿਹਾੜਾ ਸਭ ਤੋਂ ਪਹਿਲਾਂ ਚੇਨੱਈ ਵਿਚ ਮਨਾਉਣਾ ਸ਼ੁਰੂ ਹੋਇਆ। ਉਸ ਸਮੇਂ ਇਹ ਮਦਰਾਸ ਦਿਵਸ ਵਜੋਂ ਜਾਣਿਆ ਗਿਆ। ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਰਾਵੇਲੂ ਚੇਟਿਆਰ ਨੇ ਇਸ ਦਿਹਾੜੇ ਦੀ ਸ਼ੁਰੂਆਤ ਕੀਤੀ। ਮਦਰਾਸ ਦੇ ਹਾਈਕੋਰਟ ਸਾਹਮਣੇ ਵੱਡਾ ਮੁਜ਼ਾਹਰਾ ਹੋਇਆ ਜਿਸ ਵਿਚ ਸਹਿਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਇਸ ਦਿਵਸ ਨੂੰ ਭਾਰਤ ਵਿਚ ਵੀ ਮਈ ਦਿਹਾੜੇ ਦੇ ਮਨਾਇਆ ਜਾਵੇ ਤੇ ਕਾਮਾ/ਮਜ਼ਦੂਰ ਵਰਗ ਆਪਣੀਆਂ ਸਮੱਸਿਆਵਾਂ ਬਾਰੇ ਗੰਭੀਰਤਾ ਨਾਲ ਸੋਚੇ ਤੇ ਆਪਣੀਆਂ ਮੰਗਾਂ ਨੂੰ ਹੱਲ ਕਰਵਾਉਣ ਲਈ ਯਤਨ ਜੁਟਾਏ ਜਾਣ। ਭਾਰਤ ਸਮੇਤ ਲਗਭਗ 80 ਮੁਲਕਾਂ ਵਿਚ ਇਹ ਦਿਵਸ ਪਹਿਲੀ ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਣ ਲੱਗਾ।

ਅੱਜ ਭਾਰਤ ਵਿਚ ਸੰਘਰਸ਼ਾਂ ਦਾ ਦੌਰ ਹੈ। ਹਿੰਦੂਤਵੀ ਤਾਕਤਾਂ ਕਾਰਪੋਰੇਟੀ ਏਜੰਡਾ ਲੋਕਾਂ ਉੱਪਰ ਥੋਪ ਰਹੀਆਂ ਹਨ। ਖੇਤੀ ਕਾਨੂੰਨ, ਬਿਜਲੀ ਸੋਧ ਬਿੱਲ-2020 ਅਤੇ ਵਾਤਾਵਰਨ ਸੁਧਾਰ ਦੇ ਬਣਾਏ ਐਕਟਾਂ ਵਿਰੁੱਧ ਸੰਘਰਸ਼ ਤਿੱਖਾ ਹੋ ਰਿਹਾ ਹੈ। ਦੂਜੇ ਪਾਸੇ ਕਿਰਤ ਕਾਨੂੰਨਾਂ ਵਿਚ ਤਬਦੀਲੀ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜੋ 2002 ਵਿਚ ਕਿਰਤ ਸਬੰਧੀ ਕੌਮੀ ਕਮਿਸ਼ਨ ਦੀਆਂ ਸਿਫਾਰਸ਼ਾਂ ਨਾਲ ਸ਼ੁਰੂ ਹੋਈਆਂ ਤੇ ਹੁਣ ਚਾਰ ਲੇਬਰ ਕੋਡ ਬਣ ਚੁੱਕੇ ਹਨ। ਨਵੇਂ ਲੇਬਰ ਕੋਡ ਵਿਚ 29 ਕਾਨੂੰਨਾਂ ਨੂੰ ਰਲਾ ਲਿਆ ਗਿਆ ਹੈ। 1948 ਦੇ ਕਾਨੂੰਨ ਨੂੰ ਬਦਲ ਕੇ ਨਵਾਂ ਰੂਪ ਦਿੰਦਿਆਂ ਮਾਲਕਾਂ ਦਾ ਪੱਖ ਪੂਰਿਆ ਗਿਆ ਹੈ ਤੇ ਮਜ਼ਦੂਰਾਂ ਦੇ ਹੱਕ ਘਟਾ ਦਿੱਤੇ ਹਨ। ਠੇਕਾ ਮਜ਼ਦੂਰੀ ਸਬੰਧੀ ਪੁਰਾਣਾ ਕਾਨੂੰਨ ਜੋ ਠੇਕਾ ਮਜ਼ਦੂਰੀ ਕਾਨੂੰਨ 1979 ਸੀ, ਉਸ ਵਿਚ ਠੇਕਾ ਮਜ਼ਦੂਰੀ ਦਾ ਖਾਤਮਾ ਕਰ ਕੇ ਉਸ ਨੂੰ ਰੈਗੂਲੇਟ ਕਰਨ ਲਈ ਕਿਹਾ ਗਿਆ ਸੀ। ਨਵੇਂ ਕਾਨੂੰਨ ਵਿਚ ਇਕ ਪਾਸੇ ਠੇਕਾ ਮਜ਼ਦੂਰੀ ਸਬੰਧੀ ਕਾਫ਼ੀ ਸਾਰੀਆਂ ਪੁਰਾਣੀਆਂ ਮੱਦਾਂ ਕਾਇਮ ਰੱਖੀਆਂ ਗਈਆਂ ਹਨ ਪਰ ਰੈਗੂਲੇਟ ਨੂੰ ਅਣਗੌਲਿਆ ਕੀਤਾ ਗਿਆ ਹੈ। ਨਵੇਂ ਕਾਨੂੰਨ ਵਿਚ ਕਿਰਤੀਆਂ/ਮਜ਼ਦੂਰਾਂ ਦੇ ਅਧਿਕਾਰ ਘਟਾ ਦਿੱਤੇ ਗਏ ਹਨ। ਲੇਬਰ ਕੋਰਟ ਦੀ ਥਾਂ ਕੌਮੀ ਟ੍ਰਿਬਿਊਨਲ ਅਤੇ ਸੂਬਿਆਂ ਵਿਚਲੇ ਇੰਡਸਟਰੀਅਲ ਟ੍ਰਿਬਿਊਨਲ ਬਣਾਏ ਜਾ ਰਹੇ ਹਨ। ਨਿਸ਼ਚਤ ਸਮੇਂ ਦਾ ਰੁਜ਼ਗਾਰ ਦੇ ਨਾਂ ਹੇਠ ਕੰਪਨੀਆਂ ਨੂੰ ਮਨਮਰਜ਼ੀ ਦਾ ਅਧਿਕਾਰ ਦਿੱਤਾ ਗਿਆ ਹੈ। ਲੇ-ਆਫ, ਛਾਂਟੀ ਅਤੇ ਤਾਲਾਬੰਦੀ ਲਈ 300 ਤੋਂ ਘੱਟ ਕਾਮਿਆਂ ਵਾਲੀ ਯੂਨਿਟ ਵਿਚ ਸਰਕਾਰ ਵਿਚ ਸਰਕਾਰ ਦੀ ਦਖਲਅੰਦਾਜ਼ੀ ਨਹੀਂ ਹੋਵੇਗੀ। ਆਪਣੀਆਂ ਮੰਗਾਂ ਲਈ ਹੜਤਾਲ ਕਰਨ ਲਈ ਵੀ ਮਨਜ਼ੂਰੀ ਲੈਣੀ ਪਵੇਗੀ। ਦੇਸ਼ ਪੱਧਰ ਤੇ ਘੱਟੋ-ਘੱਟ ਉਜਰਤ ਵੱਖੋ-ਵੱਖ ਇਲਾਕਿਆਂ ਰਾਹੀ ਵੱਖਰੀ ਤੈਅ ਕੀਤੀ ਜਾਵੇਗੀ। ਨਵੇਂ 'ਉਜਰਤਾਂ ਬਾਰੇ ਕੋਡ' ਵਿਚ ਕੰਮ ਤੇ ਭਰਤੀ ਮੌਕੇ ਔਰਤ-ਮਰਦ ਦੀ ਬਰਾਬਰੀ ਦੇ ਸੁਆਲ ਨੂੰ ਲਾਂਭੇ ਕਰ ਦਿੱਤਾ ਗਿਆ ਹੈ। ਕੰਮ ਦਿਹਾੜੀ ਦਾ ਸਮਾਂ ਵੀ ਅੱਠ ਘੰਟੇ ਤੋਂ ਬਾਰਾਂ ਘੰਟੇ ਕਰਨ ਦੀ ਗੱਲ ਕੀਤੀ ਗਈ ਹੈ ਜਿਸ ਦਾ ਸਿੱਧੇ ਰੂਪ ਵਿਚ ਔਰਤ ਕਿਰਤ ਸ਼ਕਤੀ ਦੇ ਉੱਪਰ ਵੀ ਤਿੱਖਾ ਹਮਲਾ ਹੈ। ਜਿਹੜੇ ਹੱਕ ਔਰਤ ਤੇ ਮਰਦ ਦੀ ਇਕੱਠੇ ਸੰਘਰਸ਼ ਕਰਕੇ ਪ੍ਰਾਪਤ ਕੀਤੇ ਸਨ, ਉਹ ਖੋਹੇ ਜਾ ਰਹੇ ਹਨ।

ਅਸਲ ਵਿਚ, ਦੇਸ਼ ਦੇ ਵਿਕਾਸ ਦਾ ਹੋਕਾ ਦਿੰਦੀ ਹਾਕਮ ਜਮਾਤ ਕਾਰਪੋਰੇਟ ਦੇ ਹਿੱਤ ਪੂਰ ਰਹੀ ਹੈ। ਜਿਸ ਮੁਲਕ ਵਿਚ ਕਿਰਤ ਸ਼ਕਤੀ ਖੜੋਤ ਵਿਚ ਹੁੰਦੀ ਹੈ, ਉੱਥੇ ਸਮਾਜ ਅੰਦਰ ਕਈ ਤਰ੍ਹਾਂ ਦੇ ਵਿਕਾਰ ਪੈਦਾ ਹੁੰਦੇ ਹਨ। ਪ੍ਰਗਤੀਵਾਦੀ ਕਦਰਾਂ ਕੀਮਤਾਂ ਦਾ ਘਾਣ ਹੁੰਦਾ ਹੈ। ਹੁਣ ਇਹੀ ਕੁਝ ਸਮਾਜ ਵਿਚ ਹੋ ਰਿਹਾ ਹੈ। ਆਪਣੇ ਹੱਕ ਅਤੇ ਹੋਂਦ ਬਚਾਉਣ ਲਈ ਕਿਰਤੀ/ਮਜ਼ਦੂਰ ਵਰਗ ਤੋਂ ਸੰਘਰਸ਼ ਕੀਤੇ ਬਿਨਾਂ ਕੋਈ ਹੋਰ ਹੀਲਾ ਹੀ ਨਹੀਂ ਰਹਿ ਜਾਂਦਾ।

ਹੁਣ ਇਕ ਪਾਸੇ ਸੰਸਾਰੀਕਰਨ, ਨਿੱਜੀਕਰਨ ਵਿਰੁੱਧ ਲਗਾਤਾਰ ਵੱਖ-ਵੱਖ ਥਾਵਾਂ ਤੇ ਸੰਘਰਸ਼ ਮੁਜ਼ਾਹਰੇ ਹੋ ਰਹੇ ਹਨ; ਕਿਰਤੀ, ਕਿਸਾਨ ਤੇ ਮਜ਼ਦੂਰ ਇਸ ਲੋਕ ਮਾਰੂ ਵਰਤਾਰੇ ਵਿਰੁੱਧ ਆਪਣਾ ਰੋਸ ਜਤਾ ਰਹੇ ਹਨ; ਦੂਜੇ ਪਾਸੇ ਫ਼ਿਰਕੂ ਫਾਸ਼ੀਵਾਦ ਤੇ ਕਾਰਪੋਰੇਟ ਦਾ ਵੱਡਾ ਤੇ ਤਿੱਖਾ ਹਮਲਾ ਹੋ ਰਿਹਾ ਹੈ। ਇਸ ਦਾ ਮੁਕਾਬਲਾ ਕਰਨ ਲਈ ਠੀਕ ਦਿਸ਼ਾ ਵਿਚ ਲਾਮਬੰਦੀ ਬਹੁਤ ਜ਼ਰੂਰੀ ਹੈ। ਆਪਣੇ ਵਰਗ ਦੀਆਂ ਮੰਗਾਂ ਤੱਕ ਸੀਮਤ ਰਹਿਣ ਦੀ ਥਾਂ ਸਮੁੱਚੇ ਹਾਲਾਤ ਪਿਛਲੀ ਜੜ੍ਹ ਪਛਾਣਦੇ ਹੋਏ ਇੱਕਠੇ ਹੋ ਕੇ ਸੰਘਰਸ਼ ਕਰੀਏ। ਦਿੱਲੀ ਚੱਲ ਰਹੇ ਮੋਰਚੇ ਨੂੰ ਹੋਰ ਵੀ ਵਿਸਥਾਰ ਦੇਈਏ। ਕਿਸਾਨ ਅੰਦੋਲਨ ਨੂੰ ਸਿਰਫ਼ ਕਿਸਾਨਾਂ ਤੇ ਕੇਂਦਰਿਤ ਨਾ ਕਰਦੇ ਹੋਏ ਇਸ ਨੂੰ ਜਨ ਅੰਦੋਲਨ ਸਮਝਦੇ ਆਪਣੀ ਬਣਦੀ ਭੂਮਿਕਾ ਅਦਾ ਕਰੀਏ। ਮਈ ਦਿਵਸ ਦੀ ਇਹੀ ਸਾਰਥਕਤਾ ਹੈ ਕਿ ਮਾਨਵ ਵਿਰੋਧੀ ਵਰਤਾਰੇ ਵਿਰੁੱਧ ਇੱਕ ਆਵਾਜ਼ ਬਣੀਏ। ਆਪਣੇ ਸ਼ਾਨਾਮੱਤੇ ਸੰਘਰਸ਼ ਦੇ ਇਤਿਹਾਸ ਨੂੰ ਉਸੇ ਤਰ੍ਹਾਂ ਹੀ ਬਰਕਰਾਰ ਰੱਖਦਿਆਂ ਸੰਘਰਸ਼ ਦਾ ਨਵਾਂ ਮੁਹਾਂਦਰਾ ਸਿਰਜੀਏ।

**ਡਾ. ਅਰਵਿੰਦਰ ਕੌਰ ਕਾਕੜਾ**
**ਸੰਪਰਕ: 94636-15536**

# ਕੋਵਿਡ-19: ਕਣਕ ਦੇ ਨਾੜ ਦੀ ਸੰਭਾਲ

**ਪੰਜਾਬ ਵਿੱਚ ਕਣਕ ਦੀ ਫ਼ਸਲ ਤਕਰੀਬਨ ਵੱਢੀ ਗਈ ਹੈ। ਕਣਕ ਦੀ ਕਟਾਈ ਅਤੇ ਤੂੜੀ ਬਣਾਉਣ ਉਪਰੰਤ ਕਣਕ ਦੀ ਬਚਖੁੱਚ ਨੂੰ ਕਿਸਾਨਾਂ ਵੱਲੋਂ ਅੱਗ ਲਗਾ ਕੇ ਸਾੜ ਦਿੱਤਾ ਜਾਵੇਗਾ ਤੇ ਹਵਾ ਮੁੜ ਖ਼ਰਾਬ ਹੋ ਜਾਵੇਗੀ। ਇਸ ਦੌਰਾਨ ਕਰੋਨਾਵਾਇਰਸ ਨੇ ਸਾਰੇ ਵਿਸ਼ਵ ਨੂੰ ਚਿੰਤਾ ਵਿੱਚ ਪਾ ਰੱਖਿਆ ਹੈ। ਇਸ ਤਰਾਂ ਮਹਿਸਸ ਹੁੰਦਾ ਹੈ ਕਿ ਪਿਛਲੇ ਸਮੇਂ ਦੌਰਾਨ ਮਨੁੱਖ ਵੱਲੋਂ ਵਿਕਾਸ ਦੇ ਨਾਂ 'ਤੇ ਜੋ ਕੁਦਰਤ ਨਾਲ ਖਿਲਵਾੜ ਕੀਤਾ ਗਿਆ, ਇਹ ਉਸੇ ਦਾ ਹੀ ਨਤੀਜਾ ਹੈ। ਕਰੋਨਾ ਬਿਮਾਰੀ ਦਾ ਸਬੰਧ ਸਿੱਧੇ ਰੁਪ ਵਿੱਚ ਮਨੁੱਖੀ ਸਾਹ ਪ੍ਰਣਾਲੀ ਹੈ। ਮਨੁੱਖੀ ਸਾਹ ਪ੍ਰਣਾਲੀ ਹਵਾ ਦੇ ਪ੍ਰਦੂਸ਼ਣ ਨਾਲ ਵਧੇਰੇ ਪ੍ਰਭਾਵਿਤ ਹੁੰਦੀ ਹੈ। ਹਵਾ ਦੇ ਪ੍ਰਦੂਸ਼ਣ ਦੀ ਵਧ ਰਹੀ ਸਮੱਸਿਆ ਦਿਨੋ-ਦਿਨ ਵਧਦੀ ਜਾ ਰਹੀ ਹੈ। ਇਸ ਦੇ ਮੁੱਖ ਕਾਰਨ ਫੈਕਟਰੀਆਂ ਦਾ ਧੂਆਂ, ਸ਼ਹਿਰਾਂ ਦੀ ਰਹਿੰਦ-ਖੂੰਹਦ ਨੂੰ ਸਾੜਨਾ, ਖਣਨ ਨਾਲ ਉਡਦਾ ਘੱਟਾ, ਟਰਾਂਸਪੋਰਟ, ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਖੁੱਲ੍ਹੇ ਵਿੱਚ ਸਾੜਨਾ ਆਦਿ ਹਨ।**

**ਵਿਸ਼ਵ ਸਿਹਤ ਸੰਸਥਾ ਦੀ ਰਿਪੋਰਟ ਮੁਤਾਬਕ ਹਵਾ ਦਾ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਸਭ ਤੋਂ ਵੱਡਾ ਖ਼ਤਰਾ ਹੈ। ਹਰ ਸਾਲ ਅੰਦਰੂਨੀ ਅਤੇ ਬਾਹਰੀ ਹਵਾ ਦੇ ਪ੍ਰਦੂਸ਼ਣ ਨਾਲ ਤਕਰੀਬਨ 7 ਮਿਲੀਅਨ ਮੌਤਾਂ ਹੋ ਜਾਂਦੀਆਂ ਹਨ। 29ਫ਼ੀਸਦੀ ਮੌਤਾਂ ਫੇਫੜਿਆਂ ਦੇ ਕੈਂਸਰ, 24 ਫ਼ੀਸਦੀ ਦਿਮਾਗੀ ਬਿਮਾਰੀਆਂ, 25 ਫ਼ੀਸਦੀ ਦਿਲ ਦੀਆਂ ਬਿਮਾਰੀਆਂ, 43 ਫ਼ੀਸਦੀ ਮੌਤਾਂ ਫੇਫੜਿਆਂ ਨਾਲ ਸਬੰਧਤ ਹੋਰ ਬਿਮਾਰੀਆਂ ਕਾਰਨ ਹੁੰਦੀਆਂ ਹਨ। ਇਨ੍ਹਾਂ ਸਭ ਦਾ ਮੁੱਖ ਕਾਰਨ ਹਵਾ ਦਾ ਪ੍ਰਦੂਸ਼ਣ ਹੀ ਹੈ।**

**ਖੇਤੀਬਾੜੀ ਵਿੱਚ ਵਧੇ ਮਸ਼ੀਨੀਕਰਨ ਕਾਰਨ ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸੰਭਾਲ ਵੱਡੀ ਸਮੱਸਿਆ ਬਣ ਗਈ ਹੈ। ਖੇਤੀਬਾੜੀ ਵਿੱਚ ਵਧੇ ਖੇਤੀ ਲਾਗਤ ਖ਼ਰਚਿਆਂ ਕਾਰਨ ਸ਼ੁੱਧ ਆਮਦਨ ਲਗਾਤਾਰ ਘਟ ਰਹੀ ਹੈ। ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸੰਭਾਲ ਮਸ਼ੀਨਰੀ ਤੋਂ ਬਗੈਰ ਸੰਭਵ ਨਹੀਂ ਹੈ। ਮਸ਼ੀਨਰੀ ਮਹਿੰਗੀ ਹੋਣ ਕਾਰਨ ਇਸ ਨੂੰ ਖ਼ਰੀਦਣਾ ਹਰ ਕਿਸਾਨ ਦੇ ਵੱਸ ਦੀ ਗੱਲ ਨਹੀਂ। ਝੋਨੇ ਦੀ ਲਵਾਈ ਤੋਂ ਪਹਿਲਾਂ ਸੀਮਤ ਬਿਜਲੀ ਦੀ ਸਪਲਾਈ ਵੀ ਕਣਕ ਦੇ ਨਾੜ ਦੀ ਖੇਤਾਂ ਵਿੱਚ ਦਬਾ ਕੇ ਸੰਭਾਲ ਕਰਨ ਵਿੱਚ ਵੱਡੀ ਰੁਕਾਵਟ ਹੈ। ਦੂਜੇ ਪਾਸੇ, ਹਵਾ ਦੇ ਵਧਦੇ ਪ੍ਰਦੂਸ਼ਣ ਨੂੰ ਮੁੱਖ ਰੱਖਦਿਆਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਵੱਲੋਂ ਵੀ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ ਹੈ। ਜੇ ਕੋਈ ਕਿਸਾਨ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਸਾੜਦਾ ਹੈ ਤਾਂ ਐਨਜੀਟੀ ਵੱਲੋਂ ਅੱਗ ਲਗਾਉਣ ਵਾਲੇ ਕਿਸਾਨਾਂ ਤੋਂ 2500 ਰੁਪਏ ਤੋਂ 12500 ਰੁਪਏ ਤੱਕ ਦਾ ਵਾਤਾਵਰਨ ਦੂਸ਼ਿਤ ਕਰਨ ਦਾ ਬਤੌਰ ਵਾਤਾਵਰਨ ਨੁਕਸਾਨ ਭਰਪਾਈ ਵਸੂਲਣ ਦਾ ਫ਼ੈਸਲਾ ਕੀਤਾ ਹੋਇਆ ਹੈ।**

**ਪੰਜਾਬ ਰਿਮੋਟ ਸੈਂਸਿੰਗ ਸੈਂਟਰ ਦੀ ਰਿਪੋਰਟ ਅਨੁਸਾਰ ਸਾਲ 2018 ਦੌਰਾਨ ਪੰਜਾਬ ਵਿੱਚ ਕਣਕ ਦੇ ਨਾੜ ਨੂੰ ਅੱਗ ਲੱਗਣ ਦੇ 10,907 ਕੇਸ ਦਰਜ ਕੀਤੇ ਗਏ ਜਦੋਂਕਿ ਸਾਲ 2017 ਦੌਰਾਨ ਪੰਜਾਬ ਵਿੱਚ ਕਣਕ ਦੇ ਨਾੜ ਨੂੰ ਅੱਗ ਲੱਗਣ ਦੇ 14,436 ਕੇਸ ਦਰਜ ਕੀਤੇ ਗਏ ਸਨ, ਸਾਲ 2019 ਵਿੱਚ 11,701 ਕੇਸ ਦਰਜ ਕੀਤੇ ਗਏ। ਸਾਲ 2020 ਦੌਰਾਨ ਕਣਕ ਦੇ ਨਾੜ ਨੂੰ ਅੱਗ ਲੱਗਣ ਦੇ 14,150 ਕੇਸ ਦਰਜ ਕੀਤੇ ਗਏ। ਆਸ ਹੈ ਸਾਲ 2021-22 ਦੌਰਾਨ ਕਣਕ ਦੇ ਨਾੜ ਨੂੰ ਅੱਗ ਲੱਗਣ ਦੇ ਕੇਸਾਂ ਵਿੱਚ ਕਮੀ ਆਵੇਗੀ।**

**ਪੰਜਾਬ ਵਿੱਚ ਕਣਕ ਦੀ ਕਟਾਈ ਤੋਂ ਬਾਅਦ ਕਿਸਾਨਾਂ ਵੱਲੋਂ ਤੂੜੀ ਬਣਾਉਣ ਉਪਰੰਤ ਬੱਚਖੁੱਚ ਨੂੰ ਖੇਤਾਂ ਵਿੱਚ ਸਾੜਨਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਸ ਨਾਲ ਹਵਾ ਦਾ ਪ੍ਰਦੂਸ਼ਣ ਵਧ ਜਾਂਦਾ ਹੈ ਅਤੇ ਕਈ ਤਰ੍ਹਾਂ ਦੇ ਜਾਨਵਰ ਤੇ ਪੰਛੀ ਸੜ ਕੇ ਮਰ ਜਾਂਦੇ ਹਨ। ਹਵਾ ਵਿੱਚ ਪ੍ਰਦੂਸ਼ਣ ਵਧਣ ਕਾਰਨ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ (ਪੀਏਯੂ) ਲੁਧਿਆਣਾ ਦੀ ਖੋਜ ਮੁਤਾਬਕ ਪੰਜਾਬ ਵਿੱਚ ਕਣਕ ਦੀ ਕਾਸ਼ਤ ਤਕਰੀਬਨ 35 ਲੱਖ ਹੈਕਟੇਅਰ ਅਤੇ ਝੋਨੇ ਦੀ ਤਕਰੀਬਨ 30 ਲੱਖ ਹੈਕਟੇਅਰ ਰਕਬੇ ਵਿੱਚ ਕੀਤੀ ਜਾਦੀ ਹੈ। ਇਸ ਤੋਂ 23 ਮਿਲੀਅਨ ਟਨ ਪਰਾਲੀ ਅਤੇ 17 ਮਿਲੀਅਨ ਟਨ ਨਾੜ ਦੇ ਰੁਪ ਵਿੱਚ ਰਹਿੰਦ-ਖੂੰਹਦ ਪ੍ਰਾਪਤ ਹੁੰਦਾ ਹੈ। ਪੀਏਯੂ ਵੱਲੋਂ ਕੀਤੀ ਖੋਜ ਮੁਤਾਬਿਕ ਕਣਕ ਦੇ 77 ਫ਼ੀਸਦੀ ਨਾੜ ਨੂੰ ਤੂੜੀ ਵਜੋਂ ਚਾਰੇ ਲਈ ਵਰਤ ਲਿਆ ਜਾਂਦਾ ਹੈ, 9 ਫ਼ੀਸਦੀ ਬਚੇ ਨਾੜ ਨੂੰ ਜ਼ਮੀਨ ਹੇਠ ਦਬਾਇਆ ਜਾਂਦਾ ਹੈ ਅਤੇ 11 ਫ਼ੀਸਦੀ ਨਾੜ ਨੂੰ ਸਾੜ ਦਿੱਤਾ ਜਾਂਦਾ ਹੈ। ਦੂਜੇ ਪਾਸੇ, ਝੋਨੇ ਦੀ 85 ਫ਼ੀਸਦੀ ਪਰਾਲੀ ਸਾੜ ਦਿੱਤੀ ਜਾਂਦੀ ਹੈ, 10 ਫ਼ੀਸਦੀ ਜ਼ਮੀਨ ਵਿੱਚ ਵਾਹ ਦਿੱਤੀ ਜਾਂਦੀ ਹੈ ਅਤੇ 8 ਫ਼ੀਸਦੀ ਹੋਰ ਕੰਮਾਂ ਲਈ ਵਰਤੀ ਜਾਂਦੀ ਹੈ। ਕਣਕ-ਝੋਨੇ ਦੇ ਫ਼ਸਲੀ ਚਕਰ ਤੋਂ ਤਕਰੀਬਨ 12 ਟਨ ਪ੍ਰਤੀ ਹੈਕਟੇਅਰ ਅਨਾਜ ਪ੍ਰਾਪਤ ਹੁੰਦਾ ਹੈ।। ਇਹ ਫ਼ਸਲੀ ਚੱਕਰ ਜ਼ਮੀਨ ਵਿੱਚੋਂ 300 ਕਿਲੋ ਨਾਈਟ੍ਰੋਜਨ, 30 ਕਿਲੋ ਫਾਸਫੋਰਸ ਅਤੇ 300 ਕਿਲੋ ਪੋਟਾਸ਼ ਖਿੱਚ ਲੈਂਦਾ ਹੈ। ਇਹ ਖ਼ੁਰਾਕੀ ਤੱਤ ਪਰਾਲੀ ਅਤੇ ਨਾੜ ਵਿੱਚ ਹੁੰਦੇ ਹਨ ਪਰ ਇੰਨੀ ਵੱਡੀ ਮਾਤਰਾ ਵਿੱਚ ਖ਼ੁਰਾਕੀ ਤੱਤਾਂ ਨੂੰ ਅੱਗ ਲਗਾ ਕੇ ਖ਼ਤਮ ਕਰ ਦਿੱਤਾ ਜਾਂਦਾ ਹੈ। ਕਣਕ ਦੇ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਕਿਸਾਨਾਂ ਵੱਲੋਂ ਅੱਗ ਲਗਾਉਣ ਨਾਲ ਤਕਰੀਬਨ 0.94 ਲੱਖ ਟਨ ਨਾਈਟ੍ਰੋਜਨ, 0.48 ਲੱਖ ਟਨ ਫਾਸਫੋਰਸ ਅਤੇ 2.6 ਲੱਖ ਟਨ ਪੋਟਾਸ਼ ਤੋਂ ਇਲਾਵਾ ਵੱਡੀ ਮਾਤਰਾ ਵਿੱਚ ਲਘੂ ਤੱਤਾਂ ਨੂੰ ਨਸ਼ਟ ਕਰ ਦਿੱਤਾ ਜਾਂਦਾ ਹੈ।**



**ਨਾੜ ਸਾੜਨ ਕਾਰਨ ਪੈਦਾ ਹੋਏ ਧੂੰਏਂ ਨਾਲ ਦਿਨ ਵੇਲੇ ਦੇਖਣ ਦੀ ਵੱਧ ਤੋਂ ਵੱਧ ਹੱਦ ਬਹੁਤ ਘੱਟ ਜਾਂਦੀ ਹੈ। ਇਸ ਕਾਰਨ ਸੜਕੀ ਦੁਰਘਟਨਾਵਾਂ ਵਧ ਜਾਂਦੀਆਂ ਹਨ ਅਤੇ ਕਈ ਕੀਮਤੀ ਮਨੁੱਖੀ ਜਾਨਾਂ ਅਜਾਈਂ ਚਲੀਆਂ ਜਾਂਦੀਆਂ ਹਨ। ਨਾੜ ਦੇ ਸੜਨ ਨਾਲ ਪੈਦਾ ਹੋਏ ਧੂੰਏਂ ਸਾਹ ਲੈਣ 'ਚ ਤਕਲੀਫ਼, ਖੰਘ, ਜ਼ੁਕਾਮ, ਤਪਦਿਕ, ਦਮਾ, ਐਲਰਜੀ, ਗਲੇ ਦੀ ਖ਼ਰਾਬੀ, ਹਲਕਾ ਬੁਖਾਰ, ਸਿਰ ਦਰਦ, ਫੇਫੜਿਆਂ 'ਚ ਨੁਕਸ, ਅੱਖਾਂ 'ਚ ਜਲਣ, ਚਮੜੀ 'ਤੇ ਖਾਰਸ਼ ਆਦਿ ਬਿਮਾਰੀਆਂ ਲੱਗ ਜਾਂਦੀਆਂ ਹਨ। ਅਜੋਕੇ ਸਮੇਂ ਵਿੱਚ ਕਰੋ-ਨਾਵਾਇਰਸ ਦੇ ਖ਼ਤਰੇ ਕਾਰਨ ਪੈਦਾ ਹੋਏ ਹਾਲਾਤ ਵਿੱਚ, ਕਣਕ ਦੇ ਨਾੜ ਨੂੰ ਅੱਗ ਲਾਉਣ ਨਾਲ ਜੇ ਹਵਾ ਦਾ ਪ੍ਰਦੂਸ਼ਣ ਵਧਦਾ ਹੈ ਤਾਂ ਮੁਸ਼ਕਲਾਂ ਵਿੱਚ ਹੋਰ ਵਾਧਾ ਹੋ ਸਕਦਾ ਹੈ। ਡਾਕਟਰਾਂ ਅਨੁਸਾਰ ਪਿਛਲੇ ਦਸਾਂ ਸਾਲਾਂ ਦੌਰਾਨ ਪੰਜਾਬ ਵਿੱਚ ਨਾੜ ਅਤੇ ਝੋਨੇ ਦੀ ਪਰਾਲੀ ਸਾੜਨ ਨਾਲ ਅੱਖਾਂ ਦੀ ਜਲਣ ਅਤੇ ਸਾਹ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਇਨ੍ਹਾਂ ਬਿਮਾਰੀਆਂ ਨਾਲ ਮਨੁੱਖ ਦੀ ਉਮਰ ਘਟ ਰਹੀ ਹੈ। ਅੱਗ ਲਗਾਉਣ ਨਾਲ ਸੜਕਾਂ ਕਿਨਾਰੇ ਲਗਾਏ ਦਰੱਖਤ ਸੜ ਕੇ ਨਸ਼ਟ ਹੋ ਜਾਂਦੇ ਹਨ। ਬਹੁਤ ਸਾਰੇ ਕਿਸਾਨਾਂ ਦੇ ਮਿੱਤਰ ਪੰਛੀ ਆਪਣੇ ਪਰਿਵਾਰਕ ਵਾਧੇ ਲਈ ਕਣਕ ਦੀ ਕਟਾਈ ਤੋਂ ਬਾਅਦ ਆਂਡੇ ਖੇਤਾਂ ਜਾਂ ਖੇਤਾਂ ਦੀਆਂ ਵੱਟਾਂ ਉੱਪਰ ਦਿੰਦੇ ਹਨ, ਇਨ੍ਹਾਂ ਅੰਡਿਆਂ ਤੋਂ ਪੈਦਾ ਹੋਣ ਵਾਲੇ ਬੱਚੇ ਜਨਮ ਤੋਂ ਪਹਿਲਾਂ ਹੀ ਅੱਗ ਨਾਲ ਸੜ ਕੇ ਖ਼ਤਮ ਹੋ ਜਾਂਦੇ ਹਨ। ਸੋ ਉਪਰੋਕਤ ਕਣਕ ਦੇ ਨਾੜ ਨੂੰ ਸਾੜਨ ਨਾਲ ਹੋਣ ਵਾਲੇ ਨੁਕਸਾਨ ਨੂੰ ਮੁੱਖ ਰੱਖਦਿਆਂ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀ ਬਜਾਇ ਖੇਤ ਵਿੱਚ ਵਾਹ ਕੇ ਝੋਨੇ ਦੀ ਲਵਾਈ ਕਰਨੀ ਚਾਹੀਦੀ ਹੈ।**

ਦੂਜੇ ਪਾਸੇ, ਕਿਸਾਨ ਕੁਝ ਸੁਆਲ ਕਰਦੇ ਹਨ ਕਿ ਨਾੜ ਨੂੰ ਕਿਵੇਂ ਸੰਭਾਲੀਏ। ਆਮ ਕਰ ਕੇ ਕਣਕ ਦੀ ਕਟਾਈ ਤੋਂ ਬਾਅਦ ਰੀਪਰ ਨਾਲ ਨਾੜ ਦੀ ਤੂੜੀ ਬਣਾਉਣ ਉਪਰੰਤ ਬਹੁਤ ਘੱਟ ਨਾੜ ਦਾ ਹਿੱਸਾ ਖੇਤ ਵਿੱਚ ਬਚਦਾ ਹੈ। ਇਸ ਨੂੰ ਕਿਸਾਨਾਂ ਵੱਲੋਂ ਅੱਗ ਲਗਾ ਕੇ ਸਾੜ ਦਿੱਤਾ ਜਾਂਦਾ ਹੈ। ਇਸ ਬਚੇ ਨਾੜ ਨੂੰ ਸਾੜਨ ਬਾਰੇ ਕਿਸਾਨਾਂ ਦਾ ਕਹਿਣਾ ਹੈ ਕਿ ਜਦੋਂ ਝੋਨੇ ਦੀ ਲਵਾਈ ਤੋਂ ਪਹਿਲਾਂ ਕੱਦੂ ਕੀਤਾ ਜਾਂਦਾ ਹੈ ਤਾਂ ਨਾੜ ਪਾਣੀ ਉੱਪਰ ਤਰ ਆਉਂਦਾ ਹੈ ਜਿਸ ਨਾਲ ਝੋਨੇ ਦੀ ਲਵਾਈ ਉਪਰੰਤ ਬੂਟੇ ਦੱਬ ਕੇ ਮਰ ਜਾਂਦੇ ਹਨ। ਇਸ ਸਮੱਸਿਆ ਤੋਂ ਬਚਣ ਲਈ ਕਣਕ ਦੀ ਕਟਾਈ ਤੋਂ ਬਾਅਦ ਤਵੀਆਂ ਜਾਂ ਉਲਟਾਵੇਂ ਹੱਲ ਨਾਲ ਨਾੜ ਦੀ ਰਹਿੰਦ-ਖੂੰਹਦ ਨੂੰ ਜ਼ਮੀਨ ਵਿੱਚ ਦਬਾਇਆ ਜਾ ਸਕਦਾ ਹੈ। ਇਸ ਨਾਲ ਮਿੱਟੀ ਦੀ ਸਿਹਤ ਨੂੰ ਸੁਧਾਰ ਹੁੰਦਾ ਹੈ ਅਤੇ ਵਾਤਾਵਰਣ ਵੀ ਪ੍ਰਦੂਸ਼ਿਤ ਨਹੀਂ ਹੁੰਦਾ। ਝੋਨੇ ਦੀ ਲਵਾਈ ਲਈ ਕੀਤੇ ਜਾਣ ਵਾਲੇ ਕੱਦੂ ਕਰਨ ਸਮੇਂ ਵੱਡੀ ਮਾਤਰਾ ਵਿੱਚ ਨਾੜ ਜ਼ਮੀਨ ਵਿੱਚ ਦੱਬਿਆ ਜਾਂਦਾ ਹੈ ਪਰ ਕੁਝ ਨਾੜ ਪਾਣੀ ਸਤਿਹ ਉੱਪਰ ਤੈਰਦਾ ਰਹਿੰਦਾ ਹੈ। ਇਸ ਲਈ ਕੱਦੂ ਕਰਨ ਉਪਰੰਤ ਖੇਤ ਨੂੰ 5-6 ਘੰਟਿਆਂ ਲਈ ਖਾਲੀ ਛੱਡ ਦੇਣਾ ਚਾਹੀਦਾ ਹੈ। ਇਸ ਸਮੇਂ ਦੌਰਾਨ ਹਵਾ ਨਾਲ ਪਾਣੀ ਉੱਪਰ ਤੈਰਦਾ ਨਾੜ ਇੱਕ ਜਗ੍ਹਾ ਇਕੱਠਾ ਹੋ ਜਾਵੇਗਾ ਜਿਸ ਨੂੰ ਤਰੰਗਲੀ ਨਾਲ ਬਾਹਰ ਕੱਢਿਆ ਜਾ ਸਕਦਾ ਹੈ। ਕਣਕ ਦੀ ਕਟਾਈ ਉਪਰੰਤ ਰੀਪਰ ਨਾਲ ਤੂੜੀ ਬਣਾਉਣ ਸਮੇਂ ਰੀਪਰ ਨੂੰ ਸਹੀ ਉਚਾਈ 'ਤੇ ਚਲਾਇਆ ਜਾਵੇ ਤਾਂ ਜੋ ਵੱਧ ਤੋਂ ਵੱਧ ਤੂੜੀ ਬਣ ਸਕੇ। ਤੂੜੀ ਬਣਾਉਣ ਉਪਰੰਤ ਖੜ੍ਹੇ ਨਾੜ ਉੱਪਰ ਸੁਹਾਗਾ ਮਾਰ ਦੇਣਾ ਚਾਹੀਦਾ ਹੈ। ਤੂੜੀ ਬਣਾਉਣ ਉਪਰੰਤ ਜੇ ਖੇਤ ਭਾਰੀ ਅਤੇ ਜ਼ਿਆਦਾ ਸੁੱਕਾ ਹੈ ਤਾਂ ਪਾਣੀ ਲਾਉਣ ਉਪਰੰਤ ਵੱਤਰ ਆਉਣ 'ਤੇ ਤਵੀਆਂ ਜਾਂ ਉਲਟਾਵੇਂ ਹੱਲ ਖੇਤ ਨੂੰ ਵਾਹਿਆ ਜਾ ਸਕਦਾ। ਦੂਜੇ ਪਾਸੇ, ਦੇਖੀਏ ਤਾਂ ਦੇਖਿਆ ਹੋਵੇਗਾ ਕਿ ਸੜੇ ਨਾੜ੍ਹ ਵਾਲੇ ਖੇਤ ਵਿੱਚ ਜਦੋਂ ਝੋਨੇ ਦੀ ਲਵਾਈ ਕੀਤੀ ਜਾਂਦੀ ਹੈ ਤਾਂ ਸੜੇ ਨਾੜ ਦੀ ਸੁਆਹ ਤਰ ਕੇ, ਝੋਨੇ ਦੇ ਬੂਟੇ ਖ਼ਰਾਬ ਕਰ ਦਿੰਦੀ ਹੈ। ਜ਼ਮੀਨ ਦੀ ਸਿਹਤ ਸੁਧਾਰਨ ਲਈ ਹਰੀ ਖਾਦ ਵੀ ਕੀਤੀ ਜਾ ਸਕਦੀ ਹੈ। ਤੂੜੀ ਬਣਾਉਣ ਉਪਰੰਤ ਖੇਤ ਨੂੰ ਪਾਣੀ ਲਗਾ ਦੇਣਾ ਚਾਹੀਦਾ ਹੈ। ਵੱਤਰ ਆਉਣ 'ਤੇ ਤਵੀਆਂ ਜਾਂ ਰੋਟਾਵੇਟਰ ਜਾਂ ਉਲਟਾਵੇਂ ਹਲ ਨਾਲ ਵਾਹ ਕੇ 20 ਕਿਲੋ ਜੰਤਰ ਦੇ ਬੀਜ ਨੂੰ 8 ਘੰਟੇ ਭਿਉਂ ਕੇ ਛੱਟੇ ਨਾਲ ਬੀਜ ਦੇਣਾ ਚਾਹੀਦਾ। ਜੰਤਰ ਜਾਂ ਹੋਰ ਫ਼ਸਲ ਦੇ ਵਾਧੇ ਦੇ ਨਾਲ-ਨਾਲ ਨਦੀਨਾਂ ਦੇ ਬੀਜ ਵੀ ਉੱਗ ਪੈਂਦੇ ਹਨ। ਇਸ ਤਰ੍ਹਾਂ ਝੋਨੇ ਦੀ ਲਵਾਈ ਤੋਂ 1-2 ਦਿਨ ਪਹਿਲਾਂ ਖੇਤ ਵਿੱਚ ਜੰਤਰ ਨੂੰ ਰੋਟਾਵੇਟਰ ਜਾਂ ਤਵੀਆਂ ਨਾਲ ਵਾਹ ਕੇ ਹਰੀ ਖਾਦ ਕੀਤੀ ਜਾ ਸਕਦੀ ਹੈ। ਇਸ ਨਾਲ ਝੋਨੇ ਦੀ ਫ਼ਸਲ ਨੂੰ ਪਾਈ ਜਾਣ ਵਾਲੀ ਯੂਰੀਆ ਦੀ ਤੀਜਾ ਹਿੱਸਾ ਘਟਾਇਆ ਜਾ ਸਕਦਾ ਹੈ। ਜੰਤਰ ਦੀ ਹਰੀ ਖਾਦ ਨਾਲ ਝੋਨੇ ਦੀ ਫ਼ਸਲ ਵਿੱਚ ਲੋਹੇ ਦੀ ਘਾਟ ਵੀ ਨਹੀਂ ਆਵੇਗੀ। ਜਿਨ੍ਹਾਂ ਖੇਤਾਂ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਨੀ ਹੋਵੇ ਉਨ੍ਹਾਂ ਖੇਤਾਂ ਵਿੱਚ ਨਾੜ ਨੂੰ ਅੱਗ ਲਗਾਏ ਬਗੈਰ ਖੇਤ ਤਿਆਰ ਕਰ ਕੇ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ। ਸੋ ਅਜਿਹਾ ਕਰਨ ਨਾਲ ਨਾਂ ਸਿਰਫ਼ ਵਧੇਰੇ ਪੈਦਾਵਾਰ ਹੀ ਚੰਗੀ ਮਿਲੇਗੀ ਬਲਕਿ ਜ਼ਮੀਨ ਦੀ ਸਿਹਤ ਵਿੱਚ ਵੀ ਸੁਧਾਰ ਕੀਤਾ ਜਾ ਸਕਦਾ ਅਤੇ ਕਣਕ ਦਾ ਨਾੜ ਵੀ ਗਲ ਜਾਵੇਗਾ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਇਸ ਸਾਲ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿੱਚ 12,000 ਕੁਇੰਟਲ ਜੰਤਰ ਦਾ ਬੀਜ 31 ਰੁਪਏ ਪ੍ਰਤੀ ਕਿਲੋ ਦਿੱਤਾ ਜਾਵੇਗਾ। ਹੁਣ ਸਮਾਂ ਆ ਗਿਆ ਹੈ ਕਿ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿੱਚ ਜ਼ਮੀਨ ਦੀ ਵਿਗੜ ਰਹੀ ਸਿਹਤ ਅਤੇ ਵਾਤਾਵਰਣ ਨੂੰ ਖਰਾਬ ਹੋਣ ਤੋਂ ਬਚਾਈਏ। ਮਈ ਮਹੀਨੇ ਦੌਰਾਨ ਬਿਜਲੀ ਦੀ ਸਪਲਾਈ ਰੋਜ਼ਾਨਾ ਘੱਟੋ-ਘੱਟ 4 ਘੰਟੇ ਜਾਰੀ ਰੱਖਣੀ ਚਾਹੀਦੀ ਹੈ ਕਿਉਂਕਿ ਮੱਕੀ, ਮਾਂਹ, ਮੂੰਗੀ ਅਤੇ ਹਰੀ ਖਾਦ ਲਈ ਬੀਜੀ ਫ਼ਸਲ ਨੂੰ ਪਾਣੀ ਦੀ ਜ਼ਰੂਰਤ ਪੈਂਦੀ ਹੈ। ਜੇ ਇਸ ਸਮੇਂ ਦੌਰਾਨ ਬਿਜਲੀ ਦੀ ਸਪਲਾਈ ਨਿਰੰਤਰ ਜਾਰੀ ਨਹੀਂ ਰਹਿੰਦੀ ਤਾਂ ਮੱਕੀ, ਦਾਲਾਂ ਅਤੇ ਹਰੀ ਖਾਦ ਵਾਲੀ ਫ਼ਸਲ ਨੂੰ ਬਹੁਤ ਨੁਕਸਾਨ ਹੁੰਦਾ ਹੈ। ਇਸ ਤੋਂ ਇਲਾਵਾ ਬਾਸਮਤੀ ਦੀ ਕਾਸ਼ਤ ਵਾਲੇ ਇਲਾਕਿਆਂ ਵਿੱਚ ਕਣਕ ਦੀ ਕਟਾਈ ਤੋਂ ਬਾਅਦ ਮੂੰਗੀ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ।

ਡਾ. ਗੁਰਵਿੰਦਰ ਸਿੰਘ ਖਾਲਸਾ* ਅਤੇ ਡਾ. ਅਮਰੀਕ ਸਿੰਘ**
*ਸੰਯੁਕਤ ਨਿਰਦੇਸ਼ਕ (ਖੇਤੀਬਾੜੀ), ਪੰਜਾਬ।
**ਖੇਤੀਬਾੜੀ ਅਫ਼ਸਰ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਲੇਬਰ ਕਰਨ ਵਾਲੇ ਸਾਡੇ ਹੀ ਭਰਾ ਹਨ: ਮਾਸਟਰ ਕਵਲਜੀਤ ਸਿੰਘ ਫਤਿਹਪੁਰ ਰਾਜਪੂਤਾਂ

**ਜੰਡਿਆਲਾ ਗੁਰੂ (ਕੁਲਵੰਤ ਸਿੰਘ ਵਿਰਦੀ)** ਭਾਰਤ ਦੇਸ਼ ਵਿਚ ਜਿਥੇ ਇਕ ਮਈ ਨੂੰ ਲੇਬਰ ਦਿਵਸ਼ ਮਨਾਇਆ ਜਾਂਦਾ ਹੈ ਅਤੇ ਭਾਰਤ ਦੇਸ਼ ਦੀਆਂ ਸਰਕਾਰਾਂ ਵੱਲੋਂ ਇਸ ਦਿਨ ਲੇਬਰ ਨੂੰ ਬਹੁਤਾ ਮਾਣ ਸਨਮਾਨ ਨਹੀਂ ਬਖਸ਼ਿਆ ਜਾਂਦਾ। ਅੱਜ ਲੇਬਰ ਦਿਵਸ ਮੌਕੇ ਮਾਸਟਰ ਸਰਦਾਰ ਕਵਲਜੀਤ ਸਿੰਘ ਵਾਸੀ ਫਤਿਹਪੁਰ ਰਾਜਪੂਤਾਂ ਵੱਲੋਂ ਵੱਖਰੇ ਢੰਗ ਨਾਲ ਆਪਣੇ ਨਵਾਂ ਘਰ ਬਣਨ ਦੀ ਖੁਸ਼ੀ ਵਿੱਚ ਲੇਬਰ ਦਿਵਸ ਮਨਾਇਆ ਗਿਆ। ਇਸ ਮੌਕੇ ਮਾਸਟਰ ਸਰਦਾਰ ਕਵਲਜੀਤ ਸਿੰਘ ਜੀ ਨੇ ਗੱਲਬਾਤ ਦੌਰਾਨ ਕਿਹਾ ਕਿ ਭਾਰਤ ਦੇਸ਼ ਦੇ ਵਾਸੀਆਂ ਨੂੰ ਇਕ ਮਈ ਨੂੰ ਲੇਬਰ ਦਿਵਸ ਮਨਾਉਣਾ ਚਾਹੀਦਾ ਹੈ ਅਤੇ ਇਸ ਦਿਨ ਘਰਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੀ ਹੌਂਸਲਾ ਅਫਜ਼ਾਈ ਕਰਨੀ ਚਾਹੀਦੀ ਹੈ। ਅਸੀਂ ਲੱਖਾਂ ਰੁਪਏ ਆਪਣੇ ਨਵੇਂ ਮਕਾਨ ਉਪਰ ਖਰਚ ਕਰ ਦਿੰਦੇ ਹਾਂ ਅਤੇ ਸਾਡੇ ਛੋਟੇ ਜਿਹੇ ਉਪਰਾਲੇ ਨਾਲ ਇਨ੍ਹਾਂ ਕਾਮਿਆਂ ਦਾ ਮਨ ਖੁਸ਼ ਹੋਵੇਗਾ ਤੇ ਸਾਨੂੰ ਗੁਰੂ ਸਾਹਿਬ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਹੋਣਗੀਆਂ। ਇਨ੍ਹਾਂ ਨਾਲ ਇਹ ਦਿਨ ਮਨਾ ਕਿ ਸਾਨੂੰ ਵੀ ਖੁਸ਼ੀ ਪ੍ਰਾਪਤ ਹੋਈ ਹੈ ਕਿਉਂਕਿ ਇਹ ਵੀ ਸਾਡੇ ਆਪਣੇ ਭਰਾ ਹਨ ਇਨ੍ਹਾਂ ਦੀ ਖੁਸ਼ੀ ਸਾਡੀ ਆਪਣੀ ਖੁਸ਼ੀ ਹੈ। ਇਸ ਮੌਕੇ ਸੋਫਾ ਬਨਾਉਣ ਵਾਲੇ ਮਿਸਤਰੀ ਧਰਮਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਨੂੰ ਕਾਫੀ ਲੰਮਾ ਸਮਾਂ ਹੋ ਗਿਆ ਇਹ ਕੰਮ ਕਰਦਿਆਂ ਲੇਕਿਨ ਅੱਜ ਪਹਿਲੀ ਵਾਰ ਇਕ ਮਈ ਲੇਬਰ ਦਿਵਸ ਮਾਸਟਰ ਕਵਲਜੀਤ ਸਿੰਘ ਜੀ ਦੇ ਗ੍ਰਹਿ ਵਿਖੇ ਮਨਾਇਆ ਗਿਆ ਹੈ ਜਿਸ ਵਿਚ ਇਨ੍ਹਾਂ ਦੀ ਕੋਠੀ ਵਿੱਚ ਕੰਮ ਕਰਨ ਵਾਲੇ ਮਿਸਤਰੀਆਂ ਨੂੰ ਮਠਿਆਈ ਦੇ ਡੱਬਿਆਂ ਦੇ ਨਾਲ ਸਾਡੀ ਮਿਹਨਤ ਦੇ ਪੈਸਿਆਂ ਤੋਂ ਵੱਖਰੇ ਪੈਸੇ ਦੇ ਕੇ ਸਾਡਾ ਮਾਣ ਸਨਮਾਨ ਕੀਤਾ ਹੈ। ਅਸੀ ਬਹੁਤ ਖੁਸ਼ ਹਾਂ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਅੱਜ ਵੀ ਸੰਸਾਰ ਵਿੱਚ ਇਨ੍ਹੇਂ ਚੰਗੇ ਇਨਸਾਨ ਵੱਸਦੇ ਹਨ ਜਿਨ੍ਹਾਂ ਨੂੰ ਲੇਬਰ ਦਿਵਸ ਦਾ ਪੂਰਾ



ਧਿਆਨ ਹੈ। ਸਾਡੇ ਨਾਲ ਇਹ ਦਿਨ ਮਨਾਇਆ ਹੈ ਇਸ ਮੌਕੇ ਮਾਸਟਰ ਕਵਲਜੀਤ ਸਿੰਘ ਜੀ ਤੋਂ ਇਲਾਵਾ ਉਨ੍ਹਾਂ ਦੇ ਪਿਤਾ ਸਰਦਾਰ ਕਰਮ ਸਿੰਘ, ਮਾਤਾ ਅਮਰਜੀਤ ਕੌਰ, ਭਰਾ ਰਣਜੀਤ ਸਿੰਘ, ਕਾਕਾ ਅਰਪਨਦੀਪ ਸਿੰਘ, ਸੁਭਦੀਪ ਸਿੰਘ, ਬੇਟੀ ਰੁਬਲਪਰੀਤ ਕੌਰ ਵੱਲੋਂ ਸੋਫਾ ਮਿਸਤਰੀ ਧਰਮਿੰਦਰ ਸਿੰਘ, ਜੋਬਨਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਠੇਕੇਦਾਰ ਕਾਰਪੇਂਟਰ ਕੁਲਵੰਤ ਸਿੰਘ, ਇਲੈਕਟ੍ਰਿਸਨ ਸਨਦੀਪ ਸਿੰਘ, ਆਦਿ ਹੋਰਨਾਂ ਕਾਮਿਆਂ ਨੂੰ ਮਠਿਆਈ ਦੇ ਡੱਬੇ ਤੇ ਪੈਸੇ ਦੇ ਕੇ ਸਨਮਾਨਿਤ ਕੀਤਾ ਗਿਆ।

# ਕਿਸਾਨ-ਆੜਤੀ ਮੰਡੀਆਂ 'ਚ ਰੁਲ ਰਹੇ, ਕੈਪਟਨ ਮਹਿਲਾਂ 'ਚ ਮੌਜਾਂ ਮਾਣ ਰਿਹੈ-ਸਰਬਜੋਤ ਸਾਬੀ,

**ਮੁਕੇਰੀਆਂ( ਜਸਵੀਰ ਸਿੰਘ ਪੁਰੇਵਾਲ)** ਸੂਬੇ ਦੇ ਕਿਸਾਨ ਆਪਣੀ ਕਣਕ ਦੀ ਫਸਲ ਲੈ ਕੇ ਮੰਡੀਆਂ ਵਿਚ ਰੁਲ ਰਹੇ ਹਨ ਤੇ ਆੜਤੀ ਵਰਗ ਬਾਰਦਾਨਾ ਨਾ ਮਿਲਣ ਕਾਰਨ ਪ੍ਰੇਸ਼ਾਨ ਹੈ ਲੇਕਿਨ ਇਸ ਸਭ ਦੇ ਬਾਵਜੂਦ ਸੂਬੇ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੇ ਮਹਿਲਾਂ ਵਿਚ ਬੇਪ੍ਰਵਾਹੀ ਦੇ ਆਲਮ ਵਿਚ ਬੈਠਾ ਹੋਇਆ ਹੈ, ਇਹ ਪ੍ਰਗਟਾਵਾ ਦਾਣਾ ਮੰਡੀ ਹਾਜੀਪੁਰ ਦਾ ਦੌਰਾ ਕਰਨ ਸਮੇਂ ਕਿਸਾਨਾਂ ਤੇ ਆੜਤੀਆਂ ਦੀਆਂ ਮੁਸ਼ਕਿਲਾਂ ਸੁਣਦੇ ਹੋਏ ਯੂਥ ਅਕਾਲੀ ਦਲ ਦੇ ਸਕੱਤਰ ਜਨਰਲ ਸ.ਸਰਬਜੋਤ ਸਿੰਘ ਸਾਬੀ ਤੇ ਅਕਾਲੀ ਆਗੂ ਜਥੇਦਾਰ ਕਿਰਪਾਲ ਸਿੰਘ ਗੇਰਾ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਨਾਂ ਦੋਵਾਂ ਆਗੂਆਂ ਨੇ ਅੱਗੇ ਕਿਹਾ ਕਿ ਮੰਡੀਆਂ ਵਿਚ ਫਸਲ ਲੈ ਕੇ ਪੁੱਜਣ ਵਾਲੇ ਕਿਸਾਨਾਂ ਨੂੰ ਸਭ ਤੋਂ ਪਹਿਲਾ ਜਿੱਥੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਵੱਲੋਂ ਖੱਜਲ ਕੀਤਾ ਜਾ ਰਿਹਾ ਹੈ ਉੱਥੇ ਦੂਜੇ ਪਾਸੇ ਜਿਨਾਂ ਕਿਸਾਨਾਂ ਵੱਲੋਂ ਆਪਣੀ ਫਸਲ ਵੇਚੀ ਜਾ ਚੁੱਕੀ ਹੈ ਉਨਾਂ ਨੂੰ ਸਰਕਾਰ ਵੱਲੋਂ ਸਮੇਂ ਸਿਰ ਅਦਾਇਗੀ ਨਾ ਕਰਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਰਬਜੋਤ ਸਾਬੀ ਤੇ ਕਿਰਪਾਲ ਸਿੰਘ ਗੇਰਾ ਨੇ ਕਿਹਾ ਕਿ ਮੌਜੂਦਾ ਸਮੇਂ ਮੰਡੀਆਂ ਵਿਚ ਮੌਜੂਦ ਸ਼ੈਡਾਂ ਹੇਠ ਫਸਲ ਦੇ ਅੰਬਾਰ ਇਸ ਕਰਕੇ ਲੱਗੇ ਹੋਏ ਹਨ ਕਿਉਕਿ ਲਿਫਟਿੰਗ ਠੀਕ ਢੰਗ ਨਾਲ ਨਹੀਂ ਹੋ ਰਹੀ ਜਿਸ ਕਾਰਨ ਮੰਡੀ ਪੁੱਜ ਰਹੇ ਕਿਸਾਨਾਂ ਨੂੰ ਆਪਣੀ ਫਸਲ ਸ਼ੈੱਡ ਦੇ ਬਾਹਰ ਖੁੱਲੇ ਆਸਮਾਨ ਹੇਠ ਉਤਾਰਨੀ ਪੈ ਰਹੀ ਹੈ ਤੇ ਜਿਵੇਂ ਪਿਛਲੇ ਦਿਨਾਂ ਤੋਂ ਮੌਸਮ ਖਰਾਬ ਚੱਲ ਰਿਹਾ ਹੈ ਉਸ ਕਾਰਨ ਕਿਸਾਨਾਂ ਤੇ ਆੜਤੀਆਂ ਦੇ ਸਾਹ ਸੂਤੇ ਪਏ ਹਨ ਕਿਉਕਿ ਜੇਕਰ ਮੀਂਹ ਪੈਂਦਾ ਹੈ ਤਾਂ ਇਸ ਨਾਲ ਫਸਲ ਦਾ ਵੱਡਾ ਨੁਕਸਾਨ ਹੋਣ ਦਾ ਡਰ ਬਣਿਆ ਹੋਇਆ ਹੈ। ਉਨਾਂ ਕਿਹਾ ਕਿ ਆੜਤੀ ਵਰਗ ਦਾ ਇਹ ਕਹਿਣਾ ਹੈ ਕਿ ਇਸ ਸੀਜਨ ਵਿਚ ਜਿੰਨੀ ਮੁਸ਼ਕਿਲ ਕਿਸਾਨਾਂ ਤੇ ਆੜਤੀਆਂ ਨੂੰ ਝੱਲਣੀ ਪੈ ਰਹੀ ਹੈ ਇੰਨੀ ਪਿਛਲੇ ਸਮੇਂ ਦੌਰਾਨ ਕਦੇ ਵੀ ਪੇਸ਼ ਨਹੀਂ ਆਈ ਸੀ। ਸਰਬਜੋਤ ਸਾਬੀ ਨੇ ਕਿਹਾ ਕਿ ਮੌਜੂਦਾ ਸਮੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਿਸਾਨਾਂ-ਆੜਤੀਆਂ ਜਾਂ ਕਹਿ ਲਵੋ ਕਿ ਸੂਬੇ ਦੀ ਫਿਕਰ ਛੱਡ ਕੇ ਬੱਸ ਇਸ ਵਿਉਤਬੰਦੀ ਵਿਚ ਹੀ ਲੱਗੇ ਹੋਏ ਹਨ ਕਿ ਕਿਵੇਂ 2022 ਦੀਆਂ ਵਿਧਾਨ ਸਭਾ ਚੋਣਾ ਲਈ ਉਹ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ



ਕਾਂਗਰਸ ਦਾ ਚੇਹਰਾ ਫਿਰ ਬਣ ਸਕਣ ਲੇਕਿਨ ਇਸ ਸਮੇਂ ਲੋੜ ਇਸ ਗੱਲ ਦੀ ਸੀ ਕਿ ਮੁੱਖ ਮੰਤਰੀ ਖੁਦ ਸੂਬੇ ਦੀਆਂ ਮੰਡੀਆਂ ਵਿਚ ਪੁੱਜ ਕੇ ਕਿਸਾਨਾਂ ਤੇ ਆੜਤੀਆਂ ਦੀਆਂ ਮੁਸ਼ਕਿਲਾਂ ਸੁਣ ਉਨਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕਰਦੇ। ਉਨਾਂ ਕਿਹਾ ਕਿ ਸੂਬੇ ਦੀ ਕਾਂਗਰਸ ਸਰਕਾਰ ਨੂੰ ਸੂਬੇ ਦੀ ਸੱਤਾ ਸੰਭਾਲਿਆ ਚਾਰ ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ ਲੇਕਿਨ ਸੂਬੇ ਦੇ ਵਿਕਾਸ ਲਈ ਇਸ ਸਮੇਂ ਦੌਰਾਨ ਕੀਤੀ ਗਈ ਪ੍ਰਾਪਤੀ ਪ੍ਰਤੀ ਦੱਸਣ ਲਈ ਸਰਕਾਰ ਕੋਲ ਕੁਝ ਵੀ ਮੌਜੂਦ ਨਹੀਂ ਹੈ ਤੇ ਇਸ ਦਾ ਜਵਾਬ ਕਾਂਗਰਸ ਨੂੰ 2022 ਦੀਆਂ ਵਿਧਾਨ ਸਭਾ ਚੋਣਾ ਤੋਂ ਪਹਿਲਾ ਪੰਜਾਬ ਦੇ ਲੋਕਾਂ ਨੂੰ ਦੇਣਾ ਪਵੇਗਾ ਤੇ ਦੱਸਣਾ ਪਵੇਗਾ ਕਿ 2017 ਦੀਆਂ ਚੋਣਾ ਤੋਂ ਪਹਿਲਾ ਕੀਤੇ ਵਾਅਦਿਆਂ ਦਾ ਕੀ ਬਣਿਆ ਤੇ ਕਿਉ ਸਰਕਾਰ ਨੇ ਵਾਅਦੇ ਪੂਰੇ ਨਹੀਂ ਕੀਤੇ। ਸਰਬਜੋਤ ਸਾਬੀ ਨੇ ਮੰਡੀ ਵਿਚ ਮੌਜੂਦ ਕਿਸਾਨਾਂ ਤੇ ਆੜਤੀਆਂ ਨੂੰ ਭਰੋਸਾ ਦਿਵਾਇਆ ਕਿ ਜੇਕਰ ਜਲਦ ਹੀ ਸੂਬਾ ਸਰਕਾਰ ਨੇ ਕਿਸਾਨਾਂ ਤੇ ਆੜਤੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਹੱਲ ਨਾ ਕੀਤਾ ਤਦ ਅਕਾਲੀ ਦਲ ਵੱਲੋਂ ਕਾਂਗਰਸ ਸਰਕਾਰ ਖਿਲਾਫ ਲੋਕਾਂ ਦੀ ਅਵਾਜ ਨੂੰ ਬੁਲੰਦ ਕੀਤਾ ਜਾਵੇਗਾ। ਇਸ ਮੌਕੇ ਅਕਾਲੀ ਆਗੂ ਲਖਵਿੰਦਰ ਸਿੰਘ ਟਿੰਮੀ, ਸੰਤੋਖ ਸਿੰਘ ਦਾਲੋਵਾਲ, ਪ੍ਰਭਾਤ ਸਿੰਘ, ਜਰਨੈਲ ਸਿੰਘ, ਪਰਮਜੀਤ ਸਿੰਘ, ਸੁਖਦੇਵ ਸਿੰਘ ਸੈਣੀ ਹਾਜੀਪੁਰ ਤੇ ਗੁਰਮੇਲ ਸਿੰਘ ਵੀ ਮੌਜੂਦ ਸਨ।

## ਨਾਈਟ ਤੇ ਸਪਤਾਹਿਕ ਕਰਫਿਊ ਤੋਂ ਇਲਾਵਾ ਲਗਾਈਆਂ ਗਈਆਂ ਪਾਬੰਦੀਆ ਨੂੰ 15 ਮਈ ਤੱਕ ਵਧਾਉਣ ਦੇ ਆਦੇਸ਼



**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਹੁਸ਼ਿਆਰਪੁਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਜ਼ਲਿ 'ਚ ਪਾਬੰਦੀਆਂ ਦੌਰਾਨ ਸਾਰੀਆਂ ਗੈਰ ਜ਼ਰੂਰੀ ਆਵਾਜਾਈ ਤੇ ਗਤੀਵਿਧੀਆਂ ਬੰਦ ਰਹਿਣਗੀਆਂ। ਨਿਰਧਾਰਤ ਕੀਤੀਆਂ ਗਈਆਂ ਜ਼ਰੂਰੀ ਸੇਵਾਵਾਂ ਨੂੰ ਕਰਫਿਊ ਦੌਰਾਨ ਛੋਟ ਰਹੇਗੀ। ਸਾਰੇ ਤਰ੍ਹਾਂ ਦੇ ਸਮਾਜਿਕ, ਸੰਸਕ੍ਰਿਤ ਤੇ ਖੇਡ ਇਕੱਠ 'ਤੇ ਪਾਬੰਦੀ ਰਹੇਗੀ। ਵਿਆਹ/ਅੰਤਿਮ ਸਸਕਾਰ 'ਚ 20 ਤੋਂ ਵੱਧ ਵਿਅਕਤੀਆਂ ਦਾ ਇਕੱਠ ਨਹੀਂ ਕੀਤਾ ਜਾ ਸਕਦਾ।

## ਨੂਰਮਹਿਲ ਤੋਂ ਸਤੀਸ਼ ਕੁਮਾਰ ਪਟਵਾਰੀ ਹੋਏ ਸੇਵਾ ਮੁਕਤ



**ਬਿਲਗਾ (ਵਿਨੋਦ ਬੱਤਰਾ)** ਨਗਰ ਬਿਲਗਾ ਦੇ ਸਤੀਸ਼ ਕੁਮਾਰ ਪਟਵਾਰੀ ਸਬ ਤਹਿਸੀਲ ਨੂਰਮਹਿਲ ਤੋਂ ਸੇਵਾ ਮੁਕਤ ਹੋ ਗਏ ਹਨ। ਉਨ੍ਹਾਂ ਦੇ ਸਾਥੀ ਪਟਵਾਰੀਆਂ ਵੱਲੋਂ ਉਨ੍ਹਾਂ ਨੂੰ ਨਿੱਘੀ ਵਿਦਾਇਗੀ ਪਾਰਟੀ ਅਤੇ ਕੀਮਤੀ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਇੰਟਰਨੈਸ਼ਨਲ ਲਾਇਨਜ਼ ਕਲੱਬ ਬਿਲਗਾ ਆਸਥਾ ਡਿਸਟ੍ਰਿਕਟ 321 ਡੀ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਵੀ ਸਤੀਸ਼ ਕੁਮਾਰ ਪਟਵਾਰੀ ਨੂੰ ਵਧਾਈ ਦਿੱਤੀ ਤੇ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ। ਤਹਿਸੀਲਦਾਰ ਸ੍ਰੀ ਤਪਨ ਭਨੋਟ ਨੇ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸ੍ਰੀ ਸਤੀਸ਼ ਕੁਮਾਰ ਪਟਵਾਰੀ ਨੇ ਆਪਣੀ ਪੂਰੀ ਸਰਵਿਸ ਦੌਰਾਨ ਬਹੁਤ ਹੀ ਲਗਨ, ਮਿਹਨਤ ਅਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਈ ਹੈ। ਉਨ੍ਹਾਂ ਕਾਮਨਾ ਕੀਤੀ ਕਿ ਸਤੀਸ਼ ਕੁਮਾਰ ਪਟਵਾਰੀ ਦੀ ਰਿਟਾਇਰਡ ਜ਼ਿੰਦਗੀ ਤੰਦਰੁਸਤ, ਸੁਖਾਵੀਂ ਅਤੇ ਖੁਸ਼ੀਆਂ ਭਰੀ ਹੋਵੇ ਤੇ ਉਹ ਸਮਾਜ ਦੀ ਸੇਵਾ ਕਰਦੇ ਹੋਏ ਆਪਣੀ ਜ਼ਿੰਦਗੀ ਦਾ ਪੂਰਾ ਆਨੰਦ ਮਾਨਣ। ਇਸ ਮੌਕੇ ਨਾਇਬ ਤਹਿਸੀਲਦਾਰ ਹਰਮਿੰਦਰ ਸਿੰਘ ਚੀਮਾ, ਗੁਰਵਿੰਦਰ ਸਿੰਘ ਪ੍ਰਧਾਨ ਪਟਵਾਰ ਯੂਨੀਅਨ ਫਿਲੌਰ, ਦਵਿੰਦਰ ਸਿੰਘ ਸੈਕਟਰੀ, ਜਸਵਿੰਦਰ ਸਿੰਘ ਧੰਜੂ ਕਾਨੂੰਗੋ, ਲਖਵਿੰਦਰ ਸਿੰਘ ਕਾਨੂੰਗੋ, ਪਰਵਿੰਦਰ ਸਿੰਘ ਕਾਨੂੰਗੋ, ਬਲਵਿੰਦਰ ਸਿੰਘ ਪਟਵਾਰੀ, ਮਹਿੰਦਰ ਪਾਲ ਜੋਸ਼ੀ ਪਟਵਾਰੀ, ਜਤਿੰਦਰ ਸਿੰਘ ਪਟਵਾਰੀ, ਕੁੰਦਨ ਭਨੋਟ ਪਟਵਾਰੀ, ਇੰਦਰਜੀਤ ਪਟਵਾਰੀ, ਜਸਵਿੰਦਰ ਸਿੰਘ ਰਿਟਾਇਰਡ ਪਟਵਾਰੀ, ਸਾਹਿਲ, ਜੋਗਾ ਸਿੰਘ ਰਜਿਸਟਰੀ ਕਲਰਕ, ਗੁਰਮੀਤ ਸਿੰਘ ਦਫਤਰ ਕਾਨੂੰਗੋ ਅਤੇ ਹੋਰ ਪਟਵਾਰੀ ਸਾਹਿਬਾਨ ਹਾਜ਼ਰ ਸਨ।

## ਮੰਡੀਆਂ ਵਿੱਚ ਕਣਕ ਦੀ ਖਰੀਦ ਲਈ ਕੀਤੇ ਦੁਆਵੇ ਨਿਕਲੇ ਖੋਖਲੇ ਸਚਾਈ ਆਈ ਸਾਹਮਣੇ

**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** ਇਕ ਪਾਸੇ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਕਣਕ ਦੀ ਖਰੀਦ ਨੂੰ ਲੈ ਕੇ ਮੰਡੀਆਂ ਚ ਢੁੱਕਵੇਂ ਪ੍ਰਬੰਧ ਕੀਤੇ ਜਾਣ ਦੀਆਂ ਦੁਹਾਈਆਂ ਦਿੱਤੀਆਂ ਜਾ ਰਹੀਆਂ ਨੇ ਤੇ ਦੂਜੇ ਪਾਸੇ ਜੇਕਰ ਅਸਲ ਸਚਾਈ ਦੇਖੀ ਜਾਵੇ ਤਾਂ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਇਹ ਦਾਅਵੇ ਪੂਰੀ ਤਰ੍ਹਾਂ ਖੋਖਲੇ ਸਾਬਤ ਹੋ ਰਹੇ ਨੇ ਅੱਜ ਮੁਕੇਰੀਆਂ ਦੇ ਐਮ ਮਾਂਗਟ ਦੀ ਦਾਣਾ ਮੰਡੀ ਦਾ ਦੌਰਾ ਕੀਤਾ ਗਿਆ ਤਾਂ ਉਥੇ ਗੁੱਸੇ ਚ ਲਾਲ ਪੀਲੇ ਹੋਏ ਕਿਸਾਨਾਂ ਆੜਤੀਏ ਵੱਲੋਂ ਪ੍ਰਸ਼ਾਸਨ ਪੰਜਾਬ ਸਰਕਾਰ ਦੇ ਘਟੀਆ ਪ੍ਰਬੰਧਾਂ ਵਿਰੁੱਧ ਰੱਜ ਕੇ ਭੜਾਸ ਕੱਢੀ ਗਈ ਉਨ੍ਹਾਂ ਦੱਸਿਆ ਕਿ ਮੰਡੀ ਵਿੱਚ ਨਾ ਤਾਂ ਬਾਰਦਾਨਾ ਹੁੰਦਾ ਹੈ ਨਾ ਹੀ ਲਿਫਟਿੰਗ ਕਿਸਾਨਾਂ ਵੱਲੋਂ ਕਹਿਆ ਕਿਹਾ ਗਿਆ ਕਿ ਮੰਡੀਆਂ ਵਿੱਚ ਬਾਰਦਾਨੇ ਦੀ ਬੜੀ ਮੁਸ਼ਕਿਲ ਆ ਰਹੀ ਹੈ ਸੱਤ ਦਿਨ ਤੋਂ ਬਾਰਦਾਨਾ ਹੀ ਨਹੀਂ ਹਾਰਿਆ ਢੇਰੀਆਂ ਇਸੇ ਤਰ੍ਹਾਂ ਲੱਗੀਆਂ ਹਨ ਜਦੋਂ ਬਾਰਿਸ਼ ਆਉਂਦੀ ਹੈ ਤਰਪਾਲ ਦੇ ਨਾਲ ਢੇਰੀਆਂ ਡੱਕੀਆਂ ਜਾਦੀਆਂ ਹਨ ਅਤੇ ਤਰਪਾਲਾਂ ਵੀ ਪੂਰੀਆਂ ਨਹੀਂ ਹੁੰਦੀਆਂ ਇਸ ਕਰਕੇ ਕਿਸਾਨਾਂ ਪਰੇਸ਼ਾਨ ਹਨ ਦੂਜੇ ਪਾਸੇ ਜਦੋਂ ਆੜਤੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਥੋੜਾ ਥੋੜਾ ਬਾਰਦਾਨਾ ਆਉਂਦਾ ਤੋਂ ਮੰਡੀਆਂ ਚ ਕਣਕ ਦੀ ਸਹੀ ਤਰੀਕੇ ਨਾਲ ਲਿਫਟਿੰਗ ਨਹੀਂ ਹੋ ਰਹੀ ਜਿਸ ਕਾਰਨ ਬਹੁਤ ਸਾਰੀਆਂ ਕਿਸਾਨਾਂ ਨੂੰ ਦਿੱਕਤਾਂ ਸਾਹਮਣਾ ਕਰਨਾ ਪੈ ਰਿਹਾ ਹੈ।

## ਐਸ.ਕੇ ਵਿਆਸ ਵਰਗੇ ਪੱਤਰਕਾਰਾਂ ਦਾ ਜਾਣਾ ਮੀਡਿਆ ਜਗਤ ਲਈ ਵੱਡਾ ਘਾਟਾ: ਡਾ.ਲਖਵਿੰਦਰ ਸਿੰਘ ਜੌਹਲ

**ਸਮਾਜ ਪ੍ਰਤੀ ਉਸਾਰੂ ਗਤਿਵਿਧਿਆਂ ਵਿਚ ਹਿੱਸਾ ਪਾਉਣ ਵਾਲੇ ਅਜਿਹੇ ਪੱਤਰਕਾਰ ਦਾ ਸਮਾਜ ਹਮੇਸ਼ਾ ਰਿਣੀ ਰਹੇਗਾ: ਰੁਪਿੰਦਰ ਸਿੰਘ ਅਰੋੜਾ**



**ਜਲੰਧਰ (ਰਾਜੇਸ਼ ਮਿੱਕੀ/ਅਮ੍ਰਿਤਪਾਲ ਸਿੰਘ ਸਫ਼ਰੀ)** ਪੰਜਾਬ ਪ੍ਰੈੱਸ ਕਲੱਬ ਦੇ ਸੀਨੀਅਰ ਮੈਂਬਰ ਅਤੇ ਪੱਤਰਕਾਰ ਐਸ.ਕੇ ਵਿਆਸ ਦੀ ਅੱਜ ਮੌਤ ਹੋ ਗਈ ਹੈ। 78 ਸਾਲਾ ਐਸ.ਕੇ ਵਿਆਸ ਕੁਝ ਦਿਨਾਂ ਤੋਂ ਕੋਰੋਨਾ ਪੀੜਤ ਸਨ ਅਤੇ ਉਹਨਾਂ ਨੂੰ ਜਲੰਧਰ ਦੇ ਇਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਅੱਜ ਹਸਪਤਾਲ ਵਿੱਚ ਹੀ ਉਹਨਾਂ ਦੀ ਮੌਤ ਹੋ ਗਈ। ਉਹ ਆਪਣੇ ਪਿੱਛੇ ਪਤਨੀ ਅਤੇ ਦੋ ਪੁੱਤਰ ਛੱਡ ਗਏ ਹਨ। ਨਿਮਰ ਸੁਭਾਅ ਦੇ ਧਾਰਨੀ, ਅਣਥੱਕ ਤੇ ਜੁਝਾਰੂ ਪੱਤਰਕਾਰ ਦੇ ਅਚਾਨਕ ਚਲੇ ਜਾਣ ਨਾਲ ਜਿੱਥੇ ਮੀਡੀਆ ਜਗਤ ਨੂੰ ਕਾਫੀ ਵੱਡਾ ਘਾਟਾ ਪਿਆ ਹੈ। ਸਮਾਜ ਪ੍ਰਤੀ ਉਸਾਰੂ ਗਤੀਵਿਧੀ ਵਿਚ ਵੱਧ ਚੜ੍ਹ ਕੇ ਸ਼ਮੂਲੀਅਤ ਅਤੇ ਹਿੱਸਾ ਪਾਉਣ ਵਾਲੇ ਅਜਿਹੇ ਪੱਤਰਕਾਰ ਦਾ ਸਮਾਜ ਹਮੇਸ਼ਾ ਰਿਣੀ ਰਹੇਗਾ। ਇਸ ਮੌਕੇ ਰਾਸ਼ਟਰੀ ਕ੍ਰਾਂਤਕਾਰੀ ਪ੍ਰੈਸ ਐਸੋਸੀਏਸ਼ਨ ਦੇ ਸੂਬਾ ਜਨਰਲ ਸਕੱਤਰ ਰੁਪਿੰ-ਦਰ ਸਿੰਘ ਅਰੋੜਾ ਅਤੇ ਪੰਜਾਬ ਪ੍ਰੈਸ ਕਲੱਬ ਦੇ ਪ੍ਰਧਾਨ ਡਾ.ਲਖਵਿੰਦਰ ਸਿੰਘ ਜੌਹਲ ਨੇ ਐਸ.ਕੇ ਵਿਆਸ ਜੀ ਦੇ ਪਰਿਵਾਰ ਪ੍ਰਤੀ ਸੰਵੇਦਨਾ ਜਤਾਈ ਹੈ ਅਤੇ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੇ ਨਾਲ ਖੜ੍ਹੇ ਰਹਿਣ ਦਾ ਭਰੋਸਾ ਜਤਾਇਆ ਹੈ।

## ਪ੍ਰਧਾਨ ਪ੍ਰਿੰਸ ਅਰੋੜਾ ਨੇ ਵਿਧਾਇਕ ਤੇ ਹੋਰਨਾਂ ਦਾ ਧੰਨਵਾਦ ਕੀਤਾ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਬੀਤੇ ਦਿਨ ਨਗਰ ਕੌਸਲ ਕਰਤਾਰਪੁਰ ਦੇ ਪ੍ਰਧਾਨ ਦੀ ਕੁਰਸੀ ਸਭਾਲਣ ਤੋ ਬਾਅਦ ਪ੍ਰਧਾਨ ਪ੍ਰਿੰਸ ਅਰੋੜਾ ਨੇ ਵਿਧਾਇਕ ਚੋਧਰੀ ਸੁਰਿੰਦਰ ਸਿੰਘ, ਸਾਰੇ ਕੌਸਲਰਾਂ,, ਕਾਂਗਰਸ ਪਾਰਟੀ ਦੇ ਸਾਰੇ ਲੀਡਰਾਂ, ਸਾਰੇ ਦੋਸਤਾਂ, ਮਿੱਤਰਾਂ, ਸ਼ੁਭਚਿੰਤਕਾ, ਦਾ ਧੰਨਵਾਦ ਕਰਦਿਆਂ ਕਿਹਾ ਆਪ ਜੀ ਦੇ ਅਸ਼ੀਰਵਾਦ ਸੱਦਕਾ ਹੀ ਇਹ ਆਹੁਦਾ ਸਭਾਲਿਆ ਹੈ।ਉਹਨਾਂ ਕਿਹਾ ਕਿ ਸ਼ਹਿਰ ਦੀ ਤੱਰਕੀ ਤੇ ਵਿਕਾਸ ਕੰਮ ਮੈ ਇੱਕਲਾ ਨਹੀਂ ਕਰ ਸਕਦਾ ਇਸ ਲਈ ਮੈਨੂੰ ਮੇਰੇ ਸਾਰੇ ਕੌਸਲਰਾਂ ਅਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਦੀ ਲੋੜ ਹੈ।ਉਹਨਾਂ ਵਿਸ਼ਵਾਸ਼ ਦਿਵਾਇਆ ਕਿ ਸ਼ਹਿਰ ਦੇ ਵਿਕਾਸ ਕੰਮਾਂ ਲਈ ਆਪਣੇ ਵੱਲੋਂ ਪੂਰੀ ਵਾਹ ਲਗਾ ਦੇਣਗੇ ਅਤੇ ਲੋਕਾਂ ਦੀਆਂ ਉਮੀਦਾਂ ਤੇ ਖਰਾ ਉਤਰਨ ਦੀ ਪੂਰੀ ਕੋਸ਼ੀਸ਼ ਕਰਨਗੇ।

# ਪਿੰਡਾਂ 'ਚ ਏਕਤਾ ਮਾਰਚ ਕੱਢ ਕੇ ਦਿੱਲੀ ਚੱਲੋਂ ਦਾ ਦਿੱਤਾ ਸੱਦਾ

### ਘਰਾਂ 'ਚੋਂ ਬਾਹਰ ਆਉ, ਵਿਰੋਧ ਕਰੋ, ਡਰੋ ਨਾ: ਆਗੂ





**ਕਰਤਾਰਪੁਰ (ਜਸਵੰਤ ਵਰਮਾ/ਦਿਨੇਸ਼ ਕੁਮਾਰ)** ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਕਿਰਤੀ ਕਿਸਾਨ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਅਤੇ ਨੌਜਵਾਨ ਭਾਰਤ ਸਭਾ ਵੱਲੋਂ ਅੱਜ ਏਥੇ ਗੁਰਦੁਆਰਾ ਗੰਗਸਰ ਸਾਹਿਬ ਕਰਤਾਰਪੁਰ ਵਿਖੇ ਇਕੱਠੇ ਹੋ ਕੇ ਦਰਜਨ ਤੋਂ ਵੱਧ ਪਿੰਡਾਂ ਵਿੱਚ ਕਿਸਾਨ, ਮਜ਼ਦੂਰ, ਨੌਜਵਾਨ ਏਕਤਾ ਮਾਰਚ ਕੱਢ ਕੇ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਲੋਕ ਵਿਰੋਧੀ ਖੇਤੀ, ਅਨਾਜ ਅਤੇ ਭੋਜਨ ਸੁਰੱਖਿਆ ਵਿਰੋਧੀ ਕਾਨੂੰਨ,ਬਿਜਲੀ ਸੋਧ ਕਾਨੂੰਨ 2020 ਰੱਦ ਕਰਵਾਉਣ ਆਦਿ ਲਈ ਚੱਲ ਰਹੇ ਅੰਦੋਲਨ ਨੂੰ ਸਫ਼ਲ ਬਣਾਉਣ ਲਈ ਦਿੱਲੀ ਚੱਲੋਂ ਦਾ ਸੱਦਾ ਦਿੱਤਾ ਗਿਆ। ਹੱਥਾਂ ਵਿੱਚ ਲਾਲ ਸੂਹੇ ਝੰਡੇ ਫੜੀ ਪ੍ਰਦਰਸ਼ਨਕਾਰੀਆਂ ਵਲੋਂ ਗੁਰ-ਦੁਆਰਾ ਗੰਗਸਰ ਸਾਹਿਬ ਤੋਂ ਇਹ ਮਾਰਚ ਸ਼ੁਰੂ ਹੋ ਕੇ ਪਿੰਡ ਅੰਬੀਆਂ ਤੋਹਫ਼ਾ, ਮੁਸਤਫਾਪੁਰ, ਰੱਜਬ, ਬੜਾਪਿੰਡ ਛੋਟਾਪਿੰਡ, ਕਾਲਾ ਖੇੜਾ, ਮਹਿਮਦਪੁਰ, ਰਾਮਗੜ੍ਹ, ਮੱਲੀਆਂ, ਕੁੱਦੋਵਾਲ, ਧੀਰਪੁਰ, ਭੀਖਾਨੰਗਲ, ਦਿਆਲਪੁਰ ਤੋਂ ਹੁੰਦਾ ਹੋਇਆ ਕਰਤਾਰਪੁਰ ਵਿਖੇ ਬਾਬਾ ਸਾਹਿਬ ਬੀ ਆਰ ਅੰਬੇਡਕਰ ਚੌਂਕ ਵਿਖੇ ਸਮਾਪਤ ਹੋਇਆ। ਇਸ ਮੌਕੇ ਵੱਖ-ਵੱਖ ਪਿੰਡਾਂ ਵਿੱਚ ਲੋਕਾਂ ਨੇ ਮਾਰਚ ਦਾ ਸਵਾਗਤ ਕੀਤਾ।ਇਸ ਦੌਰਾਨ ਜੁੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਆਗੂਆਂ ਕਿਹਾ ਕਿ ਕੌਮਾਂਤਰੀ ਮਜ਼ਦੂਰ ਦਿਵਸ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਤੋਂ ਸਾਨੂੰ ਸਿੱਖਿਆ ਲੈਕੇ ਫਾਸ਼ੀਵਾਦੀ ਹਕੂਮਤ ਵਲੋਂ ਕਰੋਨਾ ਦੀ ਆਨ ਹੇਠ ਕਾਰਪੋਰੇਟ ਘਰਾਣਿਆਂ ਪੱਖੀ ਲੋਕ ਵਿਰੋਧੀ ਖੇਤੀ, ਅਨਾਜ ਅਤੇ ਭੋਜਨ ਸੁਰੱਖਿਆ ਵਿਰੋਧੀ ਕਾਨੂੰਨ,ਬਿਜਲੀ ਸੋਧ ਕਾਨੂੰਨ 2020 ਬਣਾਏ ਗਏ ਅਤੇ ਕਿਰਤ ਕਾਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਸੋਧਾਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਦਿੱਲੀ ਦੇ ਬਾਰਡਰ ਘੇਰ ਕੇ ਕਿਸਾਨ ਮਜ਼ਦੂਰ ਅੰਦੋਲਨ ਚਲਾ ਰਹੇ ਹਨ। ਫਾਸ਼ੀਵਾਦੀ ਮੋਦੀ ਹਕੂਮਤ ਦੇਸ਼ ਵਿੱਚ ਮੌਜੂਦਾ ਸੰਵਿਧਾਨ ਦੀ ਥਾਂ ਮਨੂੰਵਾਦ ਨੂੰ ਲਾਗੂ ਕਰਨਾ ਚਾਹੁੰਦੀ ਹੈ।ਇਸ ਕਾਰਨ ਹੀ ਉਹ ਇਹਨਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਤੋਂ ਅੜੀ ਹੋਈ ਹੈ। ਉਨ੍ਹਾਂ ਕਿਹਾ ਕਿ ਕਰੋਨਾ ਦਾ ਬਹਾਨਾ ਬਣਾ ਕੇ ਜਿੱਥੇ ਮੋਦੀ ਸਰਕਾਰ ਦਿੱਲੀ ਅੰਦੋਲਨ ਨੂੰ ਖ਼ਤਮ ਕਰਵਾਉਣ ਦੀਆਂ ਸਾਜ਼ਸ਼ਾਂ ਘੜ ਰਹੀ ਹੈ,ਉਥੇ ਪੰਜਾਬ ਦੀ ਕਾਂਗਰਸ ਸਰਕਾਰ ਵੀ ਲੋਕਾਂ ਦੇ ਮੰਗਾਂ ਮਸਲੇ ਤੇ ਚੋਣ ਵਾਅਦੇ ਪੂਰੇ ਕਰਨ ਚ ਅਸਮਰੱਥ ਰਹਿਣ ਉਪਰੰਤ ਹੁਣ ਮੋਦੀ ਹਕੂਮਤ ਦੇ ਨਕਸ਼ੇ ਕਦਮਾਂ ਉੱਤੇ ਚੱਲਦੀ ਹੋਈ ਕਰੋਨਾ ਦੇ ਬਹਾਨੇ ਹੇਠ ਲਾਕਡਾਊਨ ਲਾ ਰਹੀ ਹੈ।ਕਰੋਨਾ ਮਹਾਂਮਾਰੀ ਸਿਆਸੀ ਕਰੋਨਾ ਬਣ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਕੌਮਾਂਤਰੀ ਮਜ਼ਦੂਰ ਦਿਵਸ ਅਤੇ ਸ੍ਰੀ ਗੁਰੂ ਤੇਗ ਬਹਾ-ਦੁਰ ਸਾਹਿਬ ਜੀ ਦੀ ਕੁਰਬਾਨੀ ਤੋਂ ਪ੍ਰੇਰਨਾ ਲੈਂਦੇ ਹੋਏ ਦਿੱਲੀ ਦੀਆਂ ਬਰੂਹਾਂ ਉੱਤੇ ਚੱਲ ਰਹੇ ਅੰਦੋਲਨ ਨੂੰ ਸਫ਼ਲ ਬਣਾਉਣ ਲਈ ਦਿੱਲੀ ਚੱਲਣਾ ਚਾਹੀਦਾ ਹੈ।

ਇਸ ਮੌਕੇ ਮੰਗ ਕੀਤੀ ਗਈ ਕਿ ਤਿੰਨੋਂ ਖੇਤੀ ਵਿਰੋਧੀ ਕਾਨੂੰਨ, ਮਜ਼ਦੂਰ ਵਿਰੋਧੀ ਕਿਰਤ ਕੋਡ ਰੱਦ ਕਰੋ।ਪਰਾਈਵੇਟ ਹਸਪਤਾਲਾਂ ਦਾ ਸਰਕਾਰੀ ਕਰਨ ਕਰੋ,ਕਰੋਨਾ ਦੇ ਨਾਮ 'ਤੇ ਲੋਕਾਂ ਦੀ ਕੀਤੀ ਜਾ ਰਹੀ ਬਲੈਕਮੇਲਿੰਗ ਅਤੇ ਭ੍ਰਿਸਟਾਚਾਰ ਨੂੰ ਬੰਦ ਕਰੋ,ਹਸਪਤਾਲਾਂ ਵਿੱਚ ਵੈਂਟੀਲੇਟਰਾਂ, ਆਕਸੀਜਨ ਦਾ ਪ੍ਰਬੰਧ ਕਰੋ,ਪਿੰਡਾਂ ਵਿੱਚ ਸਰਕਾਰੀ ਡਿਸਪੈਂਸਰੀਆਂ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਚੱਲਣਾ ਲਾਜਮੀ ਕਰੋ,ਲਾਕਡਾਊਨ ਕਾਰਨ ਘਾਟੇ ਦਾ ਸ਼ਿਕਾਰ ਸ਼ਹਿਰੀ ਦੁਕਾਨਦਾਰਾਂ ਦੇ ਟੈਕਸ, ਬਿਜਲੀ, ਪਾਣੀ ਦੇ ਬਿੱਲ ਮੁਆਫ ਕਰੋ।ਲਾਕਡਾਊਨ ਕਾਰਨ ਉਜਾੜੇ ਗਏ ਗਰੀਬਾਂ ਲਈ ਇੱਕ ਸਾਲ ਦਾ ਮੁਫਤ ਰਾਸ਼ਨ ਦਾ ਪ੍ਰਬੰਧ ਕਰੋ। ਨੌਜਵਾਨਾਂ ਦੇ ਖੇਡ ਗਰਾਉਂਡ ਅਤੇ ਜਿੰਮ ਖੋਲੇ ਜਾਣ ਅਤੇ ਸਕੂਲ, ਕਾਲਜ, ਯੂਨੀਵਰਸਿਟੀਆਂ ਨੂੰ ਤੁਰੰਤ ਖੋਲਿਆ ਜਾਵੇ।ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਬਲਵਿੰਦਰ ਕੌਰ ਦਿਆਲਪੁਰ, ਕਿਰਤੀ ਕਿਸਾਨ ਯੂਨੀਅਨ ਦੇ ਗੁਰਪ੍ਰੀਤ ਸਿੰਘ ਚੀਦਾ, ਨੌਜਵਾਨ ਭਾਰਤ ਸਭਾ ਦੇ ਵੀਰ ਕੁਮਾਰ ਆਦਿ ਨੇ ਸੰਬੋਧਨ ਕੀਤਾ।

## ਆਪੀ ਚੈਰੀਟੇਬਲ ਹਸਪਤਾਲ ਨੇ ਆਪਣਾ 31 ਵਾਂ ਸਥਾਪਨਾ ਦਿਵਸ ਮਨਾਇਆ

**ਕਰਤਾਰਪੁਰ(ਜਸਵੰਤ ਵਰਮਾ,ਦਿਨੇਸ਼ ਕੁਮਾਰ)** ਕਰਤਾਰਪੁਰ ਦੀ ਸਮਾਜ ਸੇਵੀ ਸੰਸਥਾ ਆਪੀ ਚੈਰੀਟੇਬਲ ਹਸਪਤਾਲ ਕਰਤਾਰਪੁਰ ਵਲੋ ਹਸਪਤਾਲ ਦਾ 31 ਵਾਂ ਸਥਾਪਨਾ ਦਿਵਸ ਬੜੀ ਧੂਮਧਾਮ ਨਾਲ ਕੋਰੇਨਾ ਬਚਾਅ ਦੇ ਨਿਰਦੇਸ਼ਾ ਨੂੰ ਪੂਰਾ ਧਿਆਨ ਰੱਖ ਕੇ ਮਨਾਇਆ ਗਿਆ। ਸੱਕਤਰ ਮੈਡਮ ਸੁਮਨਲਤਾ ਕਲੱਹਣ,ਪ੍ਰਧਾਨ ਸੁਰਿੰਦਰ ਅਗਰਵਾਲ,ਸਤੀਸ਼ ਅਗਰਵਾਲ, ਯੋਗੇਸ਼ ਸੂਰੀ, ਜੱਸੀ ਚਾਹਲ ,ਤੇ ਹੋਰਨਾ ਵਲੋ ਪੰਡਿਤ ਬਸੰਤ ਜੋਸ਼ੀ ਲਕਸ਼ਮੀ ਮੰਦਿਰ ਬਰਤਨ ਬਜਾਰ ਜਲੰਧਰ ਵਾਲਿਆ ਕੋਲੋ ਪੂਜਾ ਹਵਨ,ਯੱਗ ਕਰਵਾਇਆ ਗਿਆ, ਉਪਰੰਤ ਕਰਤਾਰਪੁਰ ਇੰਸਟੀਚਿਊਟ ਵੱਲੋਂ ਧਾਰਮਿਕ ਤੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਇਸ ਮੋਕੇ ਮੈਡਮ ਸੁਮਨ ਨੇ ਹਸਪਤਾਲ ਬਾਰੇ ਦੱਸਦਿਆਂ ਕਿਹਾ ਛੋਟੀ ਜਿਹੀ ਡਿਸਪੈਂਸਰੀ ਤੋ ਸ਼ੁਰੂ ਹੋ ਕੇ ਇਹ ਹਸਪਤਾਲ ਮਲਟੀ ਸਪੈਸ਼ਲਸਟੀ ਹਸਪਤਾਲ ਬਣ ਚੁੱਕਾ ਹੈ ਉਹਨਾਂ ਕਿਹਾ ਸਾਡਾ ਮਾਟੋ ਨਰ ਸੇਵਾ ਨਰਾਇਣ ਸੇਵਾ ਹੈ।ਅੰਤ ਵਿੱਚ ਸਾਰੇ ਸਟਾਫ ਨੂੰ ਗਿਫਟ ਵੰਡੇ ਗਏ।ਇਸ ਮੋਕੇ ਡਾਕਟਰ ਵਿਨੋਦ ਬੱਗਾ, ਡਾਕਟਰ ਮੋਹਿਤ ਭਰਦਵਾਜ,ਡਾਕਟਰ ਨੀਰੂ ਬਾਲਾ,ਡਾਕਟਰ



ਸਵਿਤਾ,ਡਾਕਟਰ ਆਰੀਫ ਇਕਬਾਲ, ਡਾਕਟਰ ਰੂਹੀ ਅਰੋੜਾ,ਵਿਮਲ ਜੈਨ,ਪ੍ਰਿੰਸੀਪਲ ਰਜਨੀ ਲਾਂਬਾ,ਰਾਜੇਸ਼ ਕੁਮਾਰ, ਸੋਢੀ ਸਿੰਘ, ਸਰਵਜੀਤ ਕੋਰ,ਆਦਿ ਹਾਜਰ ਸਨ।

# ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਮਨਾਇਆ

**ਕਰਤਾਰਪੁਰ (ਜਸਵੰਤ ਵਰਮਾ/ਦਿਨੇਸ਼ ਕੁਮਾਰ)** ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਗੁਰਦੁਆਰਾ ਜਗਤ ਮਾਤਾ ਗੁਜਰ ਕੌਰ ਜੀ ਨਿਵਾਸ ਅਤੇ ਵਿਆਹ ਅਸਥਾਨ ਕਰਤਾਰਪੁਰ ਵਿਖੇ ਸਮਾਗਮ ਕਰਵਾਏ ਗਏ। ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ ਗਿਆ ਅਤੇ ਸਮਾਪਤੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਕੇ ਜੋ ਕਰੋਨਾ ਮਹਾਮਾਰੀ ਚਲ ਰਹੀ ਹੈ ਉਸ ਦੇ ਖਾਤਮੇ ਲਈ ਅਤੇ ਦਿੱਲੀ ਵਿਚ ਮੋਰਚੇ ਤੇ ਬੈਠੇ ਕਿਸਾਨਾਂ ਦੀ ਚੜਦੀ ਕਲਾ ਲਈ ਅਰਦਾਸ ਕੀਤੀ ਗਈ। ਇਸ ਮੌਕੇ ਪ੍ਰਧਾਨ ਹਰਵਿੰਦਰ ਸਿੰਘ ਰਿੰਕੂ ਅਤੇ ਬਾਬਾ ਦਿਲਬਾਗ ਸਿੰਘ ਜੀ ਵਲੋ ਆਇਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸੰਗਤਾਂ ਵਿਚ ਹੈਡ ਗ੍ਰੰਥੀ ਭਾਈ ਅਜੀਤ ਸਿੰਘ, ਪ੍ਰਿੰਸ ਅਰੋੜਾ ਪ੍ਰਧਾਨ ਕੌਂਸਲਰ, ਓਂਕਾਰ ਮਿੱਠੂ ਕੌਂਸਲਰ, ਤੇਜਪਾਲ ਤੇਜੀ, ਗੁਰਦੀਪ ਮਿੰਟੂ, ਦਰਸ਼ਨ ਸਿੰਘ, ਮਨਜੀਤ ਸਿੰਘ, ਜਸਕਰਨ ਸਿੰਘ, ਅੰਗੇਰਜ਼ ਸਿੰਘ, ਗੁਰਸਾਗਰ ਸਿੰਘ, ਪ੍ਰੀਤ ਸਿੰਘ, ਰਣਜੋਧ ਸਿੰਘ, ਭਵਨਪ੍ਰੀਤ ਸਿੰਘ, ਸਰਵਜੋਤ ਸਿੰਘ, ਤਨਵੀਰ ਸਿੰਘ, ਮਨੀਕਰਨ ਸਿੰਘ, ਹਰਮਨ ਸਿੰਘ, ਤਜਿੰਦਰ ਸਿੰਘ, ਭੁਪਿੰਦਰ ਸਿੰਘ, ਹਰਵਿੰਦਰ ਸਿੰਘ, ਅਵਤਾਰ



ਸਿੰਘ, ਗੁਰਦਿੱਤ ਸਿੰਘ, ਪ੍ਰਿਤਪਾਲ ਬਸਰਾ, ਗੁਰਪ੍ਰੀਤ ਸਿੰਘ, ਮਨਿੰਦਰ ਸਿੰਘ, ਅਮਰਜੀਤ ਸਿੰਘ, ਹਰਜੋਤ ਸਿੰਘ, ਨਿਰਵੈਰ ਸਿੰਘ, ਬੀਬੀ ਬਲਬੀਰ ਕੌਰ, ਬੀਬੀ ਪਰਮਜੀਤ ਕੌਰ, ਬੀਬੀ ਕੁਲਜੀਤ ਕੌਰ, ਬੀਬੀ ਕਮਲਜੀਤ ਕੌਰ, ਬੀਬੀ ਸ਼ਰਨਜੀਤ ਕੌਰ ਹੋਰ ਵੀ ਸੰਗਤਾਂ ਹਾਜਿਰ ਸਨ।

# ਐਗਜ਼ਿਟ ਪੋਲ ਬੰਗਾਲ ਵਿੱਚ ਫਿਰ ਤ੍ਰਿਣਮੂਲ ਕਾਂਗਰਸ, ਅਸਾਮ ਵਿੱਚ ਭਾਜਪਾ ਦਾ ਪੱਖ ਭਾਰੀ ਜਾਪਿਆ

**ਨਵੀਂ ਦਿੱਲੀ।** ਭਾਰਤ ਦੇ ਪੰਜ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਖਤਮ ਹੋਣ ਦੇ ਬਾਅਦ ਅੱਜ ਵੀਰਵਾਰ ਸ਼ਾਮ ਨੂੰ ਆਏ ਐਗਜ਼ਿਟ ਪੋਲ ਵਿੱਚ ਹੈਰਾਨੀ ਵਾਲੇ ਨਤੀਜੇ ਦਿਖਾਈ ਦਿੱਤੇ ਹਨ। ਇਨ੍ਹਾਂ ਐਗਜ਼ਿਟ ਪੋਲ ਮੁਤਾਬਕ ਅਸਾਮ ਵਿੱਚਇੱਕ ਵਾਰ ਫਿਰ ਭਾਜਪਾ ਸਰਕਾਰ ਬਣਦੀ ਨਜ਼ਰ ਆਈ ਹੈ, ਪਰ ਇਸ ਦਾ ਸਰਕਾਰੀ ਐਲਾਨ 2 ਮਈ ਨੂੰ ਵੋਟਾਂ ਦੀ ਗਿਣਤੀ ਦੇ ਬਾਅਦ ਹੋਵੇਗਾ। ਅੱਜ ਐਗਜ਼ਿਟ ਪੋਲ ਦੇ ਨਤੀਜਿਆਂ ਨੇ ਇਸ਼ਾਰਾ ਕਰ ਦਿੱਤਾ ਹੈ ਕਿ ਅਸਾਮ ਵਿੱਚਇੱਕ ਵਾਰ ਫਿਰ ਭਾਜਪਾ ਦੀ ਸਰਕਾਰ ਬਣ ਸਕਦੀ ਹੈ।ਓਧਰ ਕੇਰਲਾ ਵਿੱਚ ਫਿਰ ਖੱਬੇ ਪੱਖੀ ਫਰੰਟ ਜਿੱਤਦਾ ਦਿਖਾਈ ਦਿੱਤਾ, ਜਦ ਕਿ ਤਾਮਿਲ ਨਾਡੂ ਵਿੱਚ ਭਾਜਪਾ ਅਤੇ ਅੰਨਾ ਡੀ ਐੱਮ ਕੇ ਪਾਰਟੀ ਦਾ ਫਰੰਟ ਬੁਰੀ ਤਰ੍ਹਾਂ ਹਾਰਦਾ ਤੇ ਸਰਕਾਰ ਉੱਤੇ ਕਾਂਗਰਸ ਅਤੇ ਡੀ ਐੱਮ ਕੇ ਪਾਰਟੀ ਵਾਲੇ ਫਰੰਟ ਦਾ ਕਬਜ਼ਾ ਹੁੰਦਾ ਸਾਫ ਦਿਖਾਈ ਦੇ ਰਿਹਾ ਹੈ। ਕੇਂਦਰੀ ਸ਼ਾਸਿਤ ਪ੍ਰਦੇਸ਼ ਪੁੱਡੁਚੇਰੀ ਵਿੱਚ ਭਾਜਪਾ ਬਹੁਤ ਤਕੜੀ ਜਾਪਦੀ ਹੈ। ਐਗਜ਼ਿਟ ਪੋਲਜ ਵਿੱਚ ਆਸਾਮ ਵਿੱਚ ਭਾਜਪਾ ਗੱਠਜੋੜ ਨੂੰ 126 ਮੈਂਬਰੀ



ਵਿਧਾਨ ਸਭਾ ਵਿੱਚ 81 ਸੀਟਾਂ, ਜਦ ਕਿ ਕਾਂਗਰਸ ਨੂੰ 33 ਅਤੇ ਹੋਰਨਾਂ ਪਾਰਟੀਆਂ ਨੂੰ 10-12 ਸੀਟਾਂ ਮਿਲਦੀਆਂ ਜਾਪ ਰਹੀਆਂ ਹਨ।ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਹੈਟਰਿਕ ਲਾ ਸਕਦੀ ਹੈ, ਜਿਸ ਨੂੰ 294 ਮੈਂਬਰੀ ਵਿਧਾਨ ਸਭਾ ਵਿੱਚ 152-164 ਸੀਟਾਂ ਮਿਲ ਸਕਣ ਦਾ ਅੰਦਾਜ਼ਾ ਲਾਇਆ ਗਿਆ ਹੈ। ਭਾਜਪਾ ਓਥੇ 109 ਤੋਂ 121 ਸੀਟ ਜਿੱਤ ਸਕਦੀ ਹੈ, ਪਰ ਨੌਂ ਐਗਜ਼ਿਟ ਪੋਲਜ਼ ਵਿੱਚੋਂ ਛੇ ਪੋਲਜ਼ ਨੇ ਤ੍ਰਿਣਮੂਲ ਕਾਂਗਰਸ ਨੂੰ ਜਿਤਾਇਆ ਹੈ ਤਾਂ ਤਿੰਨ ਪੋਲਜ਼ ਨੇ ਭਾਜਪਾ ਦੀ ਜਿੱਤ ਹੁੰਦੀ ਦਿਖਾਈਹੈ।ਇਸ ਤੋਂ ਇਲਾਵਾ ਕਾਂਗਰਸ ਅਤੇ ਖੱਬੇ ਪੱਖੀਆਂ ਨੂੰ 14 ਤੋਂ 25 ਸੀਟਾਂ ਮਿਲਣ ਦਾ ਅਨੁਮਾਨ ਹੈ। ਕੇਰਲ ਵਿੱਚਇੱਕ ਵਾਰ ਫਿਰ ਖੱਬੇ ਪੱਖੀ ਫਰੰਟ ਜਿੱਤਦਾ ਨਜ਼ਰ ਆਇਆ ਤੇ ਉਸ ਨੂੰ 140 ਮੈਂਬਰਾਂ ਦੀ ਵਿਧਾਨ ਸਭਾ ਵਿੱਚ 104 ਤੋਂ 120 ਸੀਟਾਂ ਮਿਲਣ ਦਾ ਅਨੁਮਾਨ ਹੈ, ਜਦ ਕਿ ਕਾਂਗਰਸ ਦੇ ਫਰੰਟ ਨੂੰ 20 ਤੋਂ 36 ਸੀਟਾਂ ਮਿਲਣ ਦੀ ਸਥਿਤੀ ਦੱਸੀ ਹੈ। ਭਾਜਪਾ ਨੂੰ ਦੋ ਕੁ ਸੀਟਾਂ ਮਿਲ ਸਕਦੀਆਂ ਜਾਂ ਪਿਛਲੀ ਇੱਕ ਸੀਟ ਵੀ ਖੁੱਸ ਸਕਦੀ ਹੈ। ਤਾਮਿਲ ਨਾਡੂ ਵਿੱਚ ਕਾਂਗਰਸ ਅਤੇ ਡੀ ਐੱਮ ਕੇ ਦਾ ਗੱਠਜੋੜ ਕੁੱਲ 234 ਸੀਟਾਂ ਵਿੱਚੋਂ 160 ਤੋਂ ਵੱਧ ਜਿੱਤਦਾ ਦਿਖਾਈ ਦੇਂਦਾ ਹੈ, ਜਦ ਕਿ ਭਾਜਪਾ ਅਤੇ ਅੰਨਾ ਡੀ ਐੱਮ ਕੇ ਦਾ ਇਸ ਵਕਤ ਰਾਜ ਕਰਦਾ ਗੱਠਜੋੜ ਬਹੁਤ ਬੁਰੀ ਤਰ੍ਹਾਂ ਹਾਰਦਾ ਦਿਖਾਈ ਦੇਂਦਾ ਹੈ। ਕੇਂਦਰੀ ਸ਼ਾਸਿਤ ਪ੍ਰਦੇਸ਼ ਪੁੱਡੁਚੇਰੀ ਵਿੱਚ ਭਾਜਪਾ ਦੀ ਜਿੱਤ ਸਾਫ ਦਿਖਾਈ ਦਿੱਤੀ ਹੈ, ਜਿੱਥੇ ਕੁੱਲ ਤੀਹ ਮੈਂਬਰੀ ਅਸੈਂਬਲੀ ਵਿੱਚ ਉਹ ਦੋ-ਤਿਹਾਈ ਸੀਟਾਂ ਜਿੱਤ ਸਕਦੀ ਹੈ।

# ਨਵਜੋਤ ਸਿੱਧੂ ਨੇ ਫਿਰ ਪਾਇਆ ਕੈਪਟਨ ਨੂੰ ਘੇਰਾ, 2016 ਦੀ ਵੀਡੀਓ ਸਾਂਝੀ ਕਰਕੇ ਯਾਦ ਕਰਵਾਇਆ ਵਾਅਦਾ

**ਚੰਡੀਗੜ (ਦੀਪਕ ਸ਼ਰਮਾ)** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੱਧੂ ਵਿਚਾਲੇ ਵਾਰ ਤੇ ਪਲਟਾਰ ਵਾਰ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਨਵਜੋਤ ਸਿੱਧੂ ਨੇ ਕੈਪਟਨ ਅਮਰਿੰਦਰ ਸਿੰਘ ਨੂੰ 2016 ਵਿਚ ਦਿੱਤਾ ਬਿਆਨ ਯਾਦ ਕਰਵਾਇਆ ਹੈ। ਸਿੱਧੂ ਨੇ ਕਿਹਾ ਹੈ ਕਿ ਵੱਡੇ-ਵੱਡੇ ਵਾਅਦੇ ਤਾਂ ਕੀਤੇ ਪਰ ਨਿਕਲਿਆ ਕੁੱਝ ਵੀ ਨਹੀਂ। ਦਰਅਸਲ ਨਵਜੋਤ ਸਿੱਧੂ ਨੇ ਸੋਸ਼ਲ ਮੀਡੀਆ ’ਤੇ 2016 ਅਤੇ 2021 ਦੀ ਆਡਿਟ ਕੀਤੀ ਹੋਈ ਵੀਡੀਓ ਸਾਂਝੀ ਕੀਤੀ ਹੈ। 2016 ਦੀ ਇਸ ਵੀਡੀਓ ਵਿਚ ਕੈਪਟਨ ਅਮਰਿੰਦਰ ਸਿੰਘ ਆਖ ਰਹੇ ਹਨ ਕਿ ਜੇਕਰ ਉਨਾਂ ਦੀ ਪੰਜਾਬ ਵਿਚ ਸਰਕਾਰ ਬਣਦੀ ਹੈ ਤਾਂ ਉਹ ਬਹਿਬਲ ਕਲਾਂ ਅਤੇ ਬੇਅਦਬੀ ਦੀ ਜਾਂਚ ਕਰਵਾਉਣਗੇ ਅਤੇ ਇਸ ਵਿਚ ਬਾਦਲ ਦੋਸ਼ੀ ਨਿਕਲਣਗੇ। ਮੁੱਖ ਮੰਤਰੀ ਆਖ ਰਹੇ ਹਨ ਕਿ ਬਾਦਲਾਂ ਨੇ ਬਰਗਾੜੀ ਵਿਚ ਗੋਲੀ ਚਲਵਾਈ ਸੀ ਜਿਸ ਵਿਚ ਦੋ ਨੌਜਵਾਨਾਂ ਦੀ ਮੌਤ ਹੋ ਗਈ। ਵੀਡੀਓ ਵਿਚ ਕੈਪਟਨ ਕਹਿ ਰਹੇ ਹਨ ਕਿ ਬਰਗਾੜੀ ’ਚ ਪੁਲਸ ਨੂੰ ਗੋਲੀ ਚਲਾਉਣ ਦਾ ਹੁਕਮ ਐੱਸ. ਪੀ. ਨੇ ਦਿੱਤਾ ਸੀ ਪਰ ਐੱਸ. ਪੀ. ਨੂੰ ਹੁਕਮ ਮੁੱਖ ਮੰਤਰੀ ਨੇ ਦਿੱਤਾ ਸੀ। ਇਸ ਤੋਂ ਇਲਾਵਾ ਇਸੇ ਵੀਡੀਓ ਵਿਚ 2021 ਦੀ ਇਕ ਹੋਰ ਵੀਡੀਓ ਜੋੜੀ ਗਈ ਹੈ, ਜਿਸ ਵਿਚ ਮੁੱਖ ਮੰਤਰੀ ਆਖ ਰਹੇ ਹਨ ਕਿ ਇਹ ਹੁਣ ਕਹਿਣ ਦੀਆਂ ਗੱਲਾਂ ਹਨ ਕਿ ਬਾਦਲਾਂ ਨੂੰ ਫੜ ਕੇ ਅੰਦਰ ਦੇ ਦਿਓ। ਉਹ ਏਦਾਂ ਕਿੱਦਾਂ ਕਿਸੇ ਨੂੰ ਫੜ ਕੇ ਅੰਦਰ ਕਰ ਸਕਦੇ ਹਨ। ਉਹ ਸਿਰਫ ਐੱਸ.ਆਈ. ਟੀ. ਬਣਾ ਸਕਦੇ ਹਨ ਕਿ ਪਰ ਐੱਸ. ਆਈ. ਟੀ. ਦੇ ਕੰਮ ਵਿਚ ਦਖਲ ਨਹੀਂ ਕਰ ਸਕਦੇ। ਇਸ ਤੋਂ ਇਲਾਵਾ ਨਵਜੋਤ ਸਿੱਧੂ ਨੇ ਸੋਸ਼ਲ ਮੀਡੀਆ ’ਤੇ ਕਿਹਾ ਹੈ ਕਿ ਪੰਜਾਬ ਦੇ ਲੋਕਾਂ ਨੇ ਹਾਈਕੋਰਟ ਦੇ ਜੱਜ ਨੂੰ ਨਹੀਂ ਚੁਣਿਆ, ਫ਼ੈਸਲੇ ਨੂੰ ਗ਼ਲਤ ਆਖਣਾ ਹੀ ਕਾਫੀ ਨਹੀਂ, ਨਾਕਾਮੀ ਸਰਕਾਰੀ ਕਾਰਜਕਾਰੀ ਅਥਾਰਟੀ ਦੀ ਹੈ। ਉਨਾਂ ਕਿਹਾ ਕਿ ਮੇਰਾ ਸਟੈਂਡ ਕੱਲ, ਅੱਜ ਤੇ ਆਉਣ ਵਾਲੇ ਕੱਲ ਨੂੰ ਵੀ ਇਹੀ ਰਹੇਗਾ। ਪੰਜਾਬ ਦੀ ਰੂਹ ਲਈ ਇਨਸਾਫ਼ ! ਬਾਦਲਾਂ ਨੂੰ ਪੰਥ ‘ਚੋਂ ਛੇਕਣ ਲਈ ਉਹ ਅਕਾਲ ਤਖਤ ਦੇ ਜੱਥੇਦਾਰ ਸਾਹਿਬ ਨੂੰ ਸਾਲ 2018 ’ਚ ਚਿੱਠੀ ਲਿਖ ਚੁੱਕੇ ਹਨ।

# ਕੋਰੋਨਾ ਨਾਲ ਹੋਣ ਵਾਲੀ ਮੌਤਾਂ ਵਿਚ ਵਾਧੇ ਨੂੰ ਦੇਖਦੇ ਹੋਈਆਂ ਪੰਚਕੂਲਾ ਵਿਚ ਸ਼ੁਰੂ ਕੀਤਾ ਗਿਆ ਗੈਸਿਫਾਇਰ ਚੈਂਬਰ

**ਪੰਚਕਲਾ (ਦੀਪਕ ਸ਼ਰਮਾ)** ਪੰਚਕੂਲਾ ਵਿੱਚ ਕੋਰੋਨਾ ਦੇ ਵੱਧ ਰਹੇ ਮਾਮਲਿਆਂ ਨਾਲ, ਕੋਰੋਨਾ ਤੋਂ ਹੋਣ ਵਾਲਿਆਂ ਮੌਤਾਂ ਦਾ ਅੰਕੜਾ ਵੀ ਹਰ ਦਿਨ ਵੱਧਦਾ ਜਾ ਰਿਹਾ ਹੈ । ਹੁਣ ਉਨਾਂ ਦੇ ਸੰਸਕਾਰ ਲਈ ਸਮਸਾਨਘਾਟ ਵਿਚ ਜਗਾ ਘਟਣੀ ਸ਼ੁਰੂ ਹੋ ਗਈ ਹੈ । ਸਥਿਤੀ ਇੰਨੀ ਵਿਗੜ ਗਈ ਹੈ ਕਿ ਹੁਣ ਹਰ ਰੋਜ 10 ਤੋਂ 15 ਲਾਸਾਂ ਦਾ ਅੰਤਮ ਸੰਸਕਾਰ ਕੀਤਾ ਜਾ ਰਿਹਾ ਹੈ । ਹੁਣ ਤੱਕ ਕੋਰੋਨਾ ਮ੍ਰਿਤਕਾਂ ਦੇ ਅੰਤਮ ਸੰਸਕਾਰ ਸੈਕਟਰ -20 ਸਮਸਾਨ ਘਾਟ ਵਿੱਚ ਕੀਤੇ ਜਾ ਰਹੇ ਸਨ। ਪਹਿਲਾਂ ਨਾਲੋਂ ਜਿਆਦਾ ਵਾਧਾ ਹੋਣ ਕਾਰਨ ਸੁੱਕਰਵਾਰ ਤੋਂ ਸੈਕਟਰ -28 ਦੇ ਸਮਸਾਨਘਾਟ ਵਿਚ ਵੀ ਕੋਰੋਨਾ ਵਾਲੀ ਲਾਸ਼ ਦਾ ਸੰਸਕਾਰ ਸੁਰੂ ਹੋ ਗਿਆ ਹੈ । ਸੁੱਕਰਵਾਰ ਨੂੰ, ਪਹਿਲੇ ਹੀ ਦਿਨ ਸੈਕਟਰ -28 ਵਿਚ 14 ਲਾਸਾਂ ਦਾ ਅੰਤਮ ਸਸਕਾਰ ਕੀਤਾ ਗਿਆ । ਹਾਲਾਂਕਿ, ਗੈਸਿਫਾਇਰ ਚੈਂਬਰ ਵੀ ਸੁੱਕਰਵਾਰ ਨੂੰ ਸੈਕਟਰ 20 ਵਿੱਚ ਸੁਰੂ ਕੀਤਾ ਗਿਆ ਸੀ । ਜਿਸ ਵਿੱਚ ਲੁਧਿਆਣਾ ਨਿਵਾਸੀ ਇੱਕ ਵਿਅਕਤੀ ਦੀ ਲਾਸ ਦਾ ਦਾਪੇਹਰ ਤੋਂ ਬਾਅਦ ਅੰਤਿਮ ਸੰਸਕਾਰ ਕਰ ਦਿੱਤਾ ਗਿਆ । ਮਰੀਜ ਡੇਰਾਬਸੀ ਦੇ ਇੱਕ ਹਸਪਤਾਲ ਵਿੱਚ ਦਾਖਲ ਸੀ, ਜਿਥੇ ਕੋਰੋਨਾ ਨਾਲ ਉਸਦੀ ਮੌਤ ਹੋ ਗਈ । ਜਿਸ ਤੋਂ ਬਾਅਦ ਪਰਿਵਾਰ ਵੱਲੋਂ ਗੈਸਿਫਾਇਰ ਚੈਂਬਰ ਵਿਚ ਸੰਸਕਾਰ ਕਰਨ ਦੀ ਆਗਿਆ ਦਿੱਤੀ ਗਈ । ਇਸ ਰਸਮ ਵਿਚ ਦੋ ਤੋਂ ਢਾਈ ਘੰਟੇ ਦਾ ਵਕਤ ਲੱਗ ਗਿਆ । ਸੈਕਟਰ -26 ਦੀ ਰਹਿਣ ਵਾਲੀ ਇਕ ਲੜਕੀ ਦੀ ਪੀਜੀਆਈ, ਚੰਡੀਗੜ ਵਿਖੇ ਕੋਰੋਨਾ ਤੋਂ ਮੌਤ ਹੋ ਗਈ। ਜਿਸ ਤੋਂ ਬਾਅਦ ਉਸ ਦੀ ਅੰਤਿਮ ਵਿਦਾਈ ਸੁੱਕਰਵਾਰ ਨੂੰ ਮੁਸਲਿਮ ਰਿਵਾਜ ਤਹਿਤ ਸੈਕਟਰ 28 ਦੇ ਕਬਰਸਤਾਨ ਵਿਚ ਦਿੱਤੀ ਗਈ । ਵਿਭਾਗ ਦੁਆਰਾ ਕੋਰੋਨਾ ਤੋਂ ਮਰਨ ਵਾਲੇ 6 ਮਰੀਜਾਂ ਦੀ ਰਿਪੋਰਟ ਦਿਤੀ ਗਈ ਹੈ ਜਿਨਾਂ ਵਿਚੋਂ 2 ਔਰਤਾਂ ਅਤੇ 4 ਪੁਰਸ ਹਨ । ਮੇਅਰ ਕੁਲਭੂਸਣ ਗੋਇਲ ਨੇ ਕਿਹਾ ਕਿ ਕੋਰੋਨਾ ਤੋਂ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ । ਇਸ ਦੇ ਕਾਰਨ, ਇੱਕ ਗੈਸਿਫਾਇਰ ਚੈਂਬਰ ਦੀ ਜਰੂਰਤ ਮਹਿਸੂਸ ਕੀਤੀ ਜਾ ਰਹੀ ਸੀ । ਸਰਕਾਰ ਨੇ ਰਾਜ ਭਰ ਦੇ 10 ਸਹਿਰਾਂ ਵਿੱਚ ਗੈਸਿਫਾਇਰ ਚੈਂਬਰ ਸਥਾਪਤ ਕਰਨ ਦੀ ਯੋਜਨਾ ਬਣਾਈ ਸੀ । ਜਿਸ ਵਿਚ ਇਹ ਗੈਸਿਫਾਇਰ ਚੈਂਬਰ ਪਹਿਲਾਂ ਪੰਚਕੂਲਾ ਵਿਚ ਸਥਾਪਤ ਕੀਤਾ ਗਿਆ ਹੈ । ਗੈਸਿਫਾਇਰ ਚੈਂਬਰ ਤਿਆਰ ਕਰਨ ‘ਤੇ 70 ਲੱਖ ਰੁਪਏ ਦੀ ਲਾਗਤ ਆਈ ਹੈ । ਇਹ ਟ੍ਰਾਈਸਿਟੀ ਵਿਖੇ ਆਪਣੀ ਕਿਸਮ ਦਾ ਪਹਿਲਾਂ ਚੈਮਬਰ ਹੈ । ਲਾਸ ਨੂੰ ਸੰਸਕਾਰ ਬਕਸੇ ਤੇ ਰੱਖਿਆ ਜਾਵੇਗਾ ਅਤੇ ਗੈਸ ਚੈਂਬਰ ਦੇ ਅੰਦਰ ਖਿੱਚ ਦਿਤਾ ਜਾਵੇਗਾ ।

# ਹਾਈਕੋਰਟ ਨੇ ਮਈ ‘ ‘ਚ ਲੱਗਣ ਵਾਲੇ ਕੇਸ ਸਤੰਬਰ ਤੱਕ ਲਈ ਕੀਤੇ ਮੁਲਤਵੀ




**ਚੰਡੀਗੜ (ਦੀਪਕ ਸ਼ਰਮਾ)** ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਮਈ ਦੇ ਸ਼ੁਰੂ ਵਿਚ ਲੱਗਣ ਵਾਲੇ ਮਾਮਲਿਆਂ ਨੂੰ ਅਗਸਤ ਦੇ ਆਖਰੀ ਹਫ਼ਤੇ ਅਤੇ ਸਤੰਬਰ 2021 ਤੱਕ ਮੁਲਤਵੀ ਕਰ ਦਿੱਤਾ ਹੈ। ਹਾਈਕੋਰਟ ਦੇ ਰਜਿਸਟਰਾਰ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਵਿਚ ਦੱਸਿਆ ਗਿਆ ਹੈ ਕਿ 2 ਜੱਜ, 4 ਅਧਿਕਾਰੀ, 60 ਤੋਂ ਜ਼ਿਆਦਾ ਕਰਮੀ ਅਤੇ ਉਨਾਂ ਦੇ ਪਰਿਵਾਰਾਂ ਦੇ ਮੈਂਬਰ ਕੋਰੋਨਾ ਤੋਂ ਪੀੜਤ ਹੋ ਚੁੱਕੇ ਹਨ, ਜਿਨਾਂ ਦੀ ਸਿਹਤ ਨੂੰ ਵੇਖਦੇ ਹੋਏ ਉਕਤ ਫੈਸਲਾ ਲਿਆ ਗਿਆ ਹੈ। ਪ੍ਰਬੰਧਕੀ ਕਮੇਟੀ ਨੇ ਫੈਸਲਾ ਲਿਆ ਹੈ ਕਿ ਸਿਰਫ ਜ਼ਰੂਰੀ ਕੇਸ ਹੀ ਵੀਡੀਓ ਕਾਨਫਰੰਸਿੰਗ ਨਾਲ ਸੁਣੇ ਜਾਣਗੇ। ਉਥੇ ਹੀ, ਬਾਰ ਐਸੋਸੀਏਸ਼ਨ ਦੀ ਕਾਰਜਕਾਰਣੀ ਦੀ ਇਕ ਬੈਠਕ ਵਿਚ ਪ੍ਰਸਤਾਵ ਪਾਸ ਕਰਦੇ ਹੋਏ ਹਾਈਕੋਰਟ ਵੱਲੋਂ ਕੇਸ ਫਾਈਲਿੰਗ ’ਤੇ ਲਾਈ ਗਈ ਰੋਕ ’ਤੇ ਰੋਸ ਜ਼ਾਹਰ ਕਰਦੇ ਹੋਏ ਇਸ ਨੂੰ ਆਮ ਲੋਕਾਂ ਦੇ ਸੰਵਿਧਾਨਕ ਅਧਿਕਾਰਾਂ ਦਾ ਹਨਨ ਕਰਾਰ ਦਿੱਤਾ ਗਿਆ ਹੈ। ਐਸੋਸੀਏਸ਼ਨ ਨੇ ਕਿਹਾ ਹੈ ਕਿ ਸਟੇਟ ਖਲਿਾਫ ਹਾਈਕੋਰਟ ਵਿਚ ਆ ਕੇ ਰਿੱਟ ਦਾਖਲ ਕਰਨਾ ਅਤੇ ਜ਼ਿਲਾ ਅਦਾਲਤਾਂ ਦੇ ਫੈਸਲਿਆਂ ਨੂੰ ਚੁਣੌਤੀ ਦੇਣ ਦਾ ਅਧਿਕਾਰ ਆਮ ਜਨਤਾ ਨੂੰ ਹੈ, ਜਿਸ ਨੂੰ ਹਾਈਕੋਰਟ ਨੇ ਨਜ਼ਰਅੰਦਾਜ ਕਰ ਦਿੱਤਾ ਹੈ, ਜਿਸ ਦਾ ਬਾਰ ਵਿਰੋਧ ਕਰੇਗੀ।

ਬਾਰ ਐਸੋਸੀਏਸ਼ਨ ਨੇ ਕਿਹਾ ਹੈ ਕਿ ਜਿਨਾਂ ਲੋਕਾਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਕੇ ਜੇਲ ਵਿਚ ਭੇਜ ਦਿੱਤਾ ਹੈ ਜਾਂ ਜਿਨਾਂ ਨੂੰ ਜ਼ਿਲਾ ਅਦਾਲਤਾਂ ਨੇ ਸਜ਼ਾ ਸੁਣਾ ਦਿੱਤੀ ਹੈ ਜਾਂ ਕਿਸੇ ਦਾ ਨਿਰਮਾਣ ਸਰਕਾਰ ਨੇ ਡੇਗ ਦਿੱਤਾ ਹੈ ਜਾਂ ਉਸ ਨਾਲ ਬੇਇਨਸਾਫੀ ਹੋ ਰਹੀ ਹੈ ਤਾਂ ਉਸ ਕੋਲ ਖੁਦ ਨੂੰ ਬੇਕਸੂਰ ਸਾਬਤ ਕਰਨ ਦਾ ਜ਼ਰੀਆ ਹਾਈਕੋਰਟ ਹੀ ਬਚਦਾ ਹੈ ਪਰ ਹਾਈਕੋਰਟ ਨੇ ਕੇਸ ਫਾਈਲਿੰਗ ’ਤੇ ਹੀ ਰੋਕ ਲਾ ਦਿੱਤੀ ਹੈ। ਹਾਈਕੋਰਟ ਦਾ ਕਹਿਣਾ ਹੈ ਕਿ ਹਰਿਆਣਾ ਅਤੇ ਪੰਜਾਬ ਸਰਕਾਰ ਤੋਂ ਪੁੱਛਣ ਤੋਂ ਬਾਅਦ ਉਕਤ ਹੁਕਮ ਪਾਸ ਕੀਤੇ ਗਏ ਹਨ। ਬਾਰ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਸਟੇਟ ਕਦੇ ਨਹੀਂ ਚਾਹੇਗੀ ਕਿ ਉਸ ਖਲਿਾਫ ਕੋਈ ਹਾਈਕੋਰਟ ਪਹੁੰਚੇ। ਅਜਿਹੇ ਵਿਚ ਸਰਕਾਰਾਂ ਦੇ ਕਹਿਣ ’ਤੇ ਅਜਿਹੇ ਹੁਕਮ ਲਾਗੂ ਕਰਨਾ ਸੰਵਿਧਾਨ ਦੇ ਖਲਿਾਫ ਹਨ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਜੀ. ਬੀ. ਐੱਸ. ਢਿੱਲੋਂ ਅਤੇ ਸਕੱਤਰ ਚੰਚਲ ਕੇ. ਸਿੰਗਲਾ ਨੇ ਇਕ ਹਫ਼ਤੇ ਅੰਦਰ ਉਕਤ ਹੁਕਮ ਵਾਪਸ ਲੈਣ ਦੀ ਮੰਗ ਕਰਦੇ ਹੋਏ ਕਿਹਾ ਹੈ ਕਿ ਉਨਾਂ ਕੋਲੋਂ ਮੰਗ ਨਾ ਮੰਨੇ ਜਾਣ ’ਤੇ ਰੋਸ ਪ੍ਰਦਰਸ਼ਨ ਤੋਂ ਇਲਾਵਾ ਕੋਈ ਬਦਲ ਨਹੀਂ ਬਚੇਗਾ।

# ਲੱਖਾਂ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਲਈ ਕਰੋੜਾਂ ਦਾ ਐਸਟੀਮੇਟ ਬਣਾਇਆ

**ਜ਼ੀਰਕਪੁਰ (ਦੀਪਕ ਸ਼ਰਮਾ)** ਜੀਰਕਪੁਰ ਨਗਰ ਕੌਂਸਲ ਦੇ ਸੱਤਾ ‘ਚ ਆਉਂਦਿਆਂ ਹੀ ਕਾਂਗਰਸ ਨੇ ਵਿਕਾਸ ਦੇ ਨਾਮ ‘ਤੇ ਭ੍ਰਿਸਟਾਚਾਰ ਸੁਰੂ ਕਰ ਦਿੱਤਾ ਹੈ। ਜਿਹੜੇ ਵਿਕਾਸ ਕੰਮ ਲੱਖਾਂ ਰੁਪਏ ‘ਚ ਹੋ ਸਕਦੇ ਹਨ, ਉਨਾਂ ਦਾ ਐਸਟੀਮੇਟ ਕਰੋੜਾਂ ਰੁਪਏ ਵਿੱਚ ਦਿਖਾ ਕੇ ਕਾਂਗਰਸ ਨੇ ਦੋਵਾਂ ਹੱਥਾਂ ਨਾਲ ਲੋਕਾਂ ਦਾ ਪੈਸਾ ਲੁੱਟਣ ਦੀ ਤਿਆਰੀ ਕਰ ਲਈ ਹੈ। ਇਸ ਗੰਭੀਰ ਮੁੱਦੇ ‘ਤੇ ਟਿੱਪਣੀ ਕਰਦਿਆਂ ਆਮ ਆਦਮੀ ਪਾਰਟੀ ਪੰਜਾਬ ਦੇ ਸਕੱਤਰ ਨਵਜੋਤ ਸੈਣੀ ਨੇ ਕਿਹਾ ਕਿ ਪਹਿਲਾਂ 20 ਸਾਲਾਂ ਤੋਂ ਅਕਾਲੀਆਂ ਨੇ ਵਿਕਾਸ ਦੇ ਨਾਮ ‘ਤੇ ਲੋਕਾਂ ਦਾ ਪੈਸਾ ਲੁੱਟਿਆ ਅਤੇ ਹੁਣ ਕਾਂਗਰਸ ਵੀ ਉਨਾਂ ਦੇ ਨਕਸੇ ਕਦਮਾਂ ‘ਤੇ ਚੱਲ ਪਈ ਹੈ। ਸੈਣੀ ਨੇ ਕਿਹਾ ਕਿ ਆਪਣੀ ਕਾਰਜਸ਼ੈਲੀ ਨੂੰ ਲੈ ਕੇ ਦੋਵਾਂ ਧਿਰਾਂ ਦੇ ਨੇਤਾਵਾਂ ਨੇ ਇੱਕ ਦੂਜੇ ‘ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਹਨ, ਜੋ ਨਗਰ ਕੌਂਸਲ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਵਿਕਾਸ ਕਾਰਜਾਂ ਦੀ ਆੜ ਹੇਠ ਆਪਣੀਆਂ ਜੇਬਾਂ ਗਰਮ ਕਰਨ ਵਿੱਚ ਲੱਗੇ ਹੋਏ ਹਨ। ਉਨਾਂ ਕਿਹਾ ਕਿ ਡੇਰਾਬਸੀ ਹਲਕੇ ਦੇ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਦੇ ਲੜਕੇ ਉਦੈਵੀਰ ਢਿੱਲੋਂ ਨੇ ਪ੍ਰਧਾਨ ਦੀ ਕੁਰਸੀ ‘ਤੇ ਬੈਠਦਿਆਂ ਹੀ ਨਗਰ ਕੌਂਸਲ ਦੀ ਪਹਿਲੀ ਮੀਟਿੰਗ ਵਿੱਚ ਬਜਟ ਪਾਸ ਕਰ ਦਿੱਤਾ, ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ। ਜਿੱਥੇ ਇਹ ਦੇਖਿਆ ਗਿਆ ਕਿ ਛੋਟੇ-ਛੋਟੇ ਵਿਕਾਸ ਕਾਰਜਾਂ ‘ਤੇ ਕਰੋੜਾਂ ਰੁਪਏ ਦਾ ਖਰਚ ਦਿਖਾ ਕੇ ਕਾਲਾ ਬਾਜਾਰੀ ਦੀ ਸੁਰੂਆਤ ਕੀਤੀ ਗਈ ਹੈ। ਸੈਣੀ ਨੇ ਕਿਹਾ ਕਿ ਅਜਿਹੇ ਕਈ ਵਿਕਾਸ ਕਾਰਜਾਂ ਨੂੰ ਬਜਟ ਵਿੱਚ ਸਾਮਲ ਕੀਤਾ ਗਿਆ ਹੈ, ਜੋ ਸਿੱਧਾ ਕਿਸੇ ਵੱਡੇ ਘੁਟਾਲੇ ਵੱਲ ਇਸਾਰਾ ਕਰ ਰਹੇ ਹਨ। ਸੈਣੀ ਨੇ ਇਨਾਂ ਵਿੱਚੋਂ ਇੱਕ ਮੁੱਦੇ ‘ਤੇ ਆਪਣੀ ਗੰਭੀਰਤਾ ਜਾਹਰ ਕਰਦਿਆਂ ਕਿਹਾ ਕਿ ਉਦੈਵੀਰ ਢਿੱਲੋਂ ਨੇ ਸਿਰਫ 5 ਵਾਰਡਾਂ ਵਿੱਚ ਸਪੀਡ ਬਰੇਕਰ ਬਣਾਉਣ ਲਈ 1 ਕਰੋੜ 20 ਲੱਖ 57 ਹਜਾਰ ਰੁਪਏ ਦਾ ਅਨੁਮਾਨ ਪਾਸ ਕੀਤਾ ਸੀ, ਜਦੋਂਕਿ ਇਨਾਂ ਕੰਮਾਂ ‘ਤੇ ਸਿਰਫ ਲੱਖਾਂ ਰੁਪਏ ਹੀ ਖਰਚ ਆਉਣਗੇ। ਸੈਣੀ ਨੇ ਦੱਸਿਆ ਕਿ ਨਗਰ ਕੌਂਸਲ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਵਾਰਡ ਨੰਬਰ 1, 2, 4, 7, 31 ਨੂੰ ਸਪੀਡ ਬਰੇਕਰ ਲਗਾਉਣ ਲਈ ਚੁਣਿਆ ਗਿਆ ਹੈ, ਜਿਸ ਵਿੱਚ ਵਾਰਡ ਨੰਬਰ -1 ਅਜਿਹਾ ਵਾਰਡ ਹੈ, ਜਿੱਥੇ 47.77 ਲੱਖ ਰੁਪਏ ਦੇ ਸਪੀਡ ਬਰੇਕਰ ਲਗਾਏ ਜਾਣੇ ਹਨ। ਜਦੋਂ ਕਿ ਵਾਰਡ ਨੰਬਰ -2 ਵਿਚ 42.14 ਲੱਖ, ਵਾਰਡ ਨੰਬਰ -4 ਵਿਚ 5.3 ਲੱਖ, ਵਾਰਡ ਨੰਬਰ -7 ਵਿਚ 19.14 ਲੱਖ ਅਤੇ ਵਾਰਡ ਨੰਬਰ -31 ਵਿਚ 6.22 ਲੱਖ ਦੇ ਸਪੀਡ ਬਰੇਕਰ ਬਣਾਏ ਜਾਣੇ ਹਨ। ਸੈਣੀ ਨੇ ਕਿਹਾ ਕਿ ਢਿੱਲੋਂ ਕਰੋੜਾਂ ਦਾ ਅਨੁਮਾਨ ਲਗਾ ਕੇ ਆਪਣੇ ਚਿਹਰਿਆਂ ਨੂੰ ਨਿੱਜੀ ਲਾਭ ਦੇਣਾ ਚਾਹੁੰਦਾ ਹੈ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਕਰੋੜਾਂ ਰੁਪਏ ਦਾ ਬਜਟ ਸਿਰਫ ਸਪੀਡ ਬਰੇਕਰ ‘ਤੇ ਹੀ ਪਾਸ ਕੀਤਾ ਜਾ ਰਿਹਾ ਹੈ ਤਾਂ ਹੋਰ ਵਿਕਾਸ ਕਾਰਜਾਂ ‘ਤੇ ਕਰੋੜਾਂ ਰੁਪਏ ਖਰਚ ਦਿਖਾ ਕੇ ਕਿੰਨੇ ਕਰੋੜ ਦੀ ਕਮਾਈ ਕੀਤੀ ਜਾਏਗੀ। ਸੈਣੀ ਨੇ ਕਿਹਾ ਕਿ ਜਦੋਂ ਵਾੜ ਹੀ ਖੇਤ ਨੂੰ ਖਾਣਾ ਸੁਰੂ ਕਰ ਦਿੰਦੀ ਹੈ ਤਾਂ ਖੇਤ ਦਾ ਕੀ ਬਣੇਗਾ ? ਇਸੇ ਤਰਾਂ ਜਦੋਂ ਪ੍ਰਧਾਨ ਹੀ ਸਹਿਰ ਦਾ ਬੇੜਾ ਗਰਕ ਕਰਨ ‘ਤੇ ਤੁਲਿਆ ਹੋਵੇ, ਤਾਂ ਜਨਤਾ ਕੀ ਕਰੇਗੀ ? ਸੈਣੀ ਨੇ ਕਿਹਾ ਕਿ ਉਹ ਇਸ ਕਾਲਾ ਬਾਜ਼ਾਰੀ ਵਿਰੁੱਧ ਆਪਣੀ ਆਵਾਜ ਬੁਲੰਦ ਕਰਨਗੇ। ਜੀਰਕਪੁਰ ਦੇ ਲੋਕਾਂ ਦੇ ਪੈਸੇ ਨੂੰ ਨਿੱਜੀ ਹਿੱਤਾਂ ਲਈ ਹਾਕਮਾਂ ਦੀਆਂ ਜੇਬਾਂ ਵਿੱਚ ਨਹੀਂ ਜਾਣ ਦਿੱਤਾ ਜਾਵੇਗਾ।



**ਨਿਯਮ ਕੀ ਹੈ :** - ਸਰਕਾਰ ਦੇ ਵਿੱਤ ਕਮਿਸਨਰ ਦੁਆਰਾ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ 1 ਲੱਖ ਰੁਪਏ ਤੱਕ ਦਾ ਕੰਮ ਵਿਭਾਗੀ ਤੌਰ ‘ਤੇ ਨਗਰ ਕੌਂਸਲ ਵਿੱਚ ਕੀਤਾ ਜਾ ਸਕਦਾ ਹੈ। ਜੇ ਕੰਮ ਇਕ ਲੱਖ ਰੁਪਏ ਤੋਂ ਵੱਧ ਦਾ ਹੈ, ਤਾਂ ਪਹਿਲਾਂ ਇਸ ਦਾ ਅਨੁਮਾਨ ਲਗਾ ਕੇ ਕੀਤਾ ਜਾਣ ਵਾਲਾ ਕੰਮ ਕੌਂਸਲਰਾਂ ਦੇ ਸਦਨ ਦੀ ਮੀਟਿੰਗ ਵਿਚ ਪਾਸ ਕੀਤਾ ਜਾਂਦਾ ਹੈ। ਮੀਟਿੰਗ ਵਿਚ ਪਾਸ ਹੋਣ ਤੋਂ ਬਾਅਦ ਟੈਂਡਰ ਪ੍ਰਕਿਰਿਆ ਨੂੰ ਨਿਯਮਾਂ ਅਨੁਸਾਰ ਅਪਣਾਇਆ ਜਾਣਾ ਚਾਹੀਦਾ ਹੈ, ਜਿਸਦੇ ਲਈ ਅਖਬਾਰਾਂ ਵਿੱਚ ਵੀ ਇਸਤਿਹਾਰ ਦੇਣਾ ਪੈਂਦਾ ਹੈ। ਇਸ ਤੋਂ ਬਾਅਦ ਹੀ ਲੱਖਾਂ ਰੁਪਏ ਦੀ ਲਾਗਤ ਵਾਲਾ ਕੰਮ ਕਰਵਾਇਆ ਜਾ ਸਕਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਸਬੰਧ ਵਿਚ ਵਿਰੋਧੀ ਕੌਂਸਲਰਾਂ ਦੀ ਸਹਿਮਤੀ ਵੀ ਨਹੀਂ ਲਈ ਗਈ।

# ਕਪੂਰਥਲਾ ਜਿਲ੍ਹੇ ਵਿਚ ਵੈਕਸੀਨੇਸ਼ਨ ਇਕ ਲੱਖ ਤੋਂ ਟੱਪੀ

## 70 ਹਜ਼ਾਰ ਤੋਂ ਜਿਆਦਾ ਸੀਨੀਅਰ ਸਿਟੀਜ਼ਨ ਦਾ ਵੀ ਟੀਕਾਕਰਨ

**ਕਪਰਥਲਾ।** ਕਪੂਰਥਲਾ ਜਿਲ੍ਹੇ ਵਿਚ ਕੋਵਿਡ ਵੈਕਸੀਨੇਸ਼ਨ ਇਕ ਲੱਖ ਤੋਂ ਟੱਪ ਗਈ ਹੈ। ਪਹਿਲੀ ਮਈ ਤੱਕ ਜਿਲ੍ਹੇ ਅੰਦਰ ਕੁੱਲ 102876 ਲੋਕਾਂ ਦਾ ਟੀਕਾਕਰਨ ਹੋ ਚੁੱਕਾ ਹੈ। ਜਿਲ੍ਹੇ ਦੇ ਸ਼ਹਿਰਾਂ ਭੁਲੱਥ , ਸੁਲਤਾਨਪੁਰ ਲੋਧੀ ਤੋਂ ਇਲਾਵਾ ਪਿੰਡਾਂ ਹੱਸੂਵਾਲ, ਟਾਂਡੀ ਇਬਰਾਹਿਮਵਾਲ ਤੇ ਚੌਗਾਂਵਾਂ, ਨੰਗਲ ਲੁਬਾਣਾ ਵਿਖੇ ਵੀ ਵੈਕਸੀਨੇਸ਼ਨ 90 ਫੀਸਦੀ ਤੋਂ ਜਿਆਦਾ ਹੋ ਚੁੱਕੀ ਹੈ। ਭੁਲੱਥ ਵਿਖੇ 45 ਸਾਲ ਤੋਂ ਉੱਪਰ ਦੀ ਕੁੱਲ ਆਬਾਦੀ 2354 ਵਿਚੋਂ 2188 ਦੀ ਵੈਕਸੀਨੇਸ਼ਨ ਹੋਈ ਹੈ, ਜੋ ਕਿ 92 ਫੀਸਦੀ ਬਣਦਾ ਹੈ ਜਦਕਿ ਸੁਲਤਾਨਪੁਰ ਲੋਧੀ ਦੀ 45 ਸਾਲ ਤੋਂ ਉੱਪਰ ਦੀ ਆਬਾਦੀ 3286 ਵਿਚੋਂ 3431 ਦੀ ਵੈਕਸੀਨੇਸ਼ਨ ਹੋ ਚੁੱਕੀ ਹੈ, ਜੋ ਕਿ 95.7 ਫੀਸਦੀ ਬਣਦਾ ਹੈ। ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀਮਤੀ ਦੀਪਤੀ ਉੱਪਲ ਨੇ ਦੱਸਿਆ ਕਿ 16 ਜਨਵਰੀ ਤੋਂ ਸ਼ੁਰੂ ਹੋਏ ਟੀਕਾਕਰਨ ਤਹਿਤ ਪਹਿਲ ਦੇ ਆਧਾਰ ’ਤੇ ਸੀਨੀਅਰ ਸਿਟੀਜ਼ਨਾਂ ਤੇ ਗੰਭੀਰ ਬਿਮਾਰੀਆਂ ਤੋਂ ਪੀੜ੍ਹਤ ਵਿਅਕਤੀਆਂ ਨੂੰ ਕਵਰ ਕਰਨ ਦੇ ਨਾਲ-ਨਾਲ 45 ਸਾਲ ਤੋਂ 59 ਸਾਲ ਦੇ ਉਮਰ ਵਰਗ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਟੀਕਾਕਰਨ ਦੇ ਲਾਭਾਂ ਬਾਰੇ ਜਾਣੂੰ ਕਰਵਾਉਣ ਦੇ ਸਾਰਥਿਕ ਨਤੀਜੇ ਨਿਕਲੇ ਜਿਸ ਕਾਰਨ ਟੀਕਾਕਰਨ ਵਿਚ ਤੇਜੀ ਆਈ ਤੇ ਜਿਲ੍ਹੇ ਅੰਦਰ ਰੋਜ਼ਾਨਾ ਟੀਕਾਕਰਨ ਦੀ ਗਿਣਤੀ 4500 ਤੋਂ ਵੀ ਟੱਪ ਗਈ ਸੀ। 16 ਜਨਵਰੀ ਨੂੰ ਟੀਕਾਕਰਨ ਕੇਵਲ ਸਿਵਲ ਹਸਪਤਾਲ ਕਪੂਰਥਲਾ ਤੇ ਕੁਝ ਸਬ ਡਿਵੀਜ਼ਨ ਦੇ ਹਸਪਤਾਲ ਵਿਚ ਸ਼ੁਰੂ ਹੋਇਆ ਸੀ ਜਿਸਨੂੰ ਅੱਗੇ ਮੁੱਢਲੇ ਸਿਹਤ ਕੇਂਦਰਾਂ ਤੇ ਹੈਲਥ ਵੈਲਨੈਸ ਸੈਂਟਰਾਂ ਤੱਕ ਲਿਜਾਣ ਪਿੱਛੋਂ ਪਿੰਡ-ਪਿੰਡ ਕੈਂਪ ਲਾਉਣ ਦੀ ਵਿਵਸਥਾ ਕੀਤੀ ਗਈ। ਜਿਲ੍ਹਾ ਟੀਕਾਕਰਨ ਅਫਸਰ ਡਾ. ਰਣਦੀਪ ਸਿੰਘ ਨੇ ਦੱਸਿਆ ਕਿ ਕੁੱਲ 102876 ਲੋਕਾਂ ਦੇ ਟੀਕਾਕਰਨ ਵਿਚੋਂ 70401 ਸੀਨੀਅਰ ਸਿਟੀਜ਼ਨ ਦਾ ਟੀਕਾਕਰਨ ਹੋਇਆ ਹੈ। ਇਸ ਤੋਂ ਇਲਾਵਾ 45 ਤੋਂ 59 ਸਾਲ ਉਮਰ ਵਰਗ ਦੇ 15961 ਲੋਕਾਂ ਦੀ ਵੈਕਸੀਨੇਸ਼ਨ ਹੋਈ ਹੈ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਦੌਰ ਵਿਚ ਲੋਕਾਂ ਨੂੰ ਵੈਕਸੀਨ ਲਈ ਪ੍ਰੇਰਿਤ ਕਰਨਾ ਔਖਾ ਸੀ ਪਰ




ਹੌਲੀ-ਹੌਲੀ ਲੋਕਾਂ ਨੇ ਇਸਦੀ ਮਹੱਤਤਾ ਨੂੰ ਸਮਝਿਆ ਅਤੇ ਵੈਕਸੀਨੇਸ਼ਨ ਲਈ ਅੱਗੇ ਆਏ। ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਜਿਲ੍ਹੇ ਦੇ ਅਨੇਕਾਂ ਪਿੰਡਾਂ ਅੰਦਰ 45 ਸਾਲ ਤੋਂ ਉੱਪਰ ਵਰਗ ਦੇ ਲੋਕਾਂ ਲਈ ਵੈਕਸੀਨੇਸ਼ਨ 90 ਤੋਂ 95 ਫੀਸਦੀ ਤੱਕ ਹੋ ਗਈ ਹੈ। ਕਮਿਊਨਿਟੀ ਹੈਲਥ ਸੈਂਟਰ ਬੇਗੋਵਾਲ ਅਧੀਨ ਆਉਂਦੇ ਪਿੰਡ ਲੰਮੇ ਵਿਚ 45 ਸਾਲ ਤੋਂ ਉੱਪਰ ਵਾਲੇ ਵਿਅਕਤੀਆਂ ਦੀ ਗਿਣਤੀ 413 ਸੀ, ਜਿਸ ਵਿਚੋਂ 400 ਦੀ ਵੈਕਸੀਨੇਸ਼ਨ ਹੋ ਚੁੱਕੀ ਹੈ, ਜਿਸ ਵਿਚ ਸਮਾਜ ਸੇਵੀ ਪੰਨਾ ਲਾਲ ਸੇਤੀਆ ਵਲੋਂ ਅਹਿਮ ਯੋਗਦਾਨ ਦਿੱਤਾ ਗਿਆ।

# ਕਰੋਨਾ ਦੇ ਵਧਦੇ ਕਹਿਰ ਦੇ ਮੱਦੇਨਜ਼ਰ ਜਿਲ੍ਹਾ ਮੈਜਿਸਟ੍ਰੇਟ ਵਲੋਂ ਨਵੀਆਂ ਹਦਾਇਤਾਂ ਜਾਰੀ

## ਪਹਿਲੀ ਮਈ ਤੋਂ 15 ਮਈ ਤੱਕ ਰਹਿਣਗੀਆਂ ਲਾਗੂ

**ਸੁਲਤਾਨਪੁਰ ਲੋਧੀ (ਰਣਜੀਤ ਸਿੰਘ ਚੰਦੀ)** ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਵਿਭਾਗ ਵਲੋਂ ਜਾਰੀ ਨਿਰਦੇਸ਼ਾਂ ਦੇ ਮੱਦੇਨਜ਼ਰਜਿਲ੍ਹਾ ਮੈਜਿਸਟ੍ਰੇਟ ਕਮ ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀਮਤੀ ਦੀਪਤੀ ਉੱਪਲ ਵਲੋਂ ਵੀ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ, ਜੋ ਕਿ ਪਹਿਲੀ ਮਈ ਤੋਂ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਕੇ 15 ਮਈ ਤੱਕ ਲਾਗੂ ਰਹਿਣਗੇ।

**ਪਾਬੰਦੀਆਂ :** ਪਹਿਲਾਂ ਵਾਂਗ ਰੋਜਾਨਾ ਰਾਤ ਦਾ ਕਰਫਿਊ ਸ਼ਾਮ 6 ਵਜੇ ਤੋਂ ਸਵੇਰੇ 5 ਵਜੇ ਤੱਕ ਹੋਵੇਗਾ ਜਦਕਿ ਹਫਤਾਵਾਰੀ ਕਰਫਿਊ ਸੁੱਕਰਵਾਰ ਸ਼ਾਮ 6 ਵਜੇ ਤੋਂ ਸੋਮਵਾਰ ਸਵੇਰੇ 5 ਵਜੇ ਤੱਕ ਹੋਵੇਗਾ। ਇਸ ਸਮੇਂ ਦੌਰਾਨ ਜਰੂਰੀ ਸੇਵਾਵਾਂ ਨੂੰ ਛੋਟ ਰਹੇਗੀ। ਜਨਤਕ ਆਵਾਜਾਈ ਸੇਵਾ (ਬੱਸ, ਟੈਕਸੀ , ਆਟੋ) 50 ਫੀਸਦੀ ਸਮਰੱਥਾ ਨਾਲ ਚੱਲ ਸਕਣਗੇ। ਸਾਰੇ ਬਾਰ, ਸਿਨੇਮਾ ਹਾਲ, ਜਿੰਮ, ਸਪਾ, ਸਵੀਮਿੰਗ ਪੂਲ, ਕੋਚਿੰਗ ਸੈਂਟਰ, ਸਪੋਰਟਸ ਕੰਪਲੈਕਸ ਬੰਦ ਰਹਿਣਗੇ। ਸਾਰੇ ਰੈਸਟੋਰੈਂਟ (ਹੋਟਲਾਂ ਸਮੇਤ) , ਕੈਫੇ, ਕੌਫੀ ਸ਼ਾਪ, ਫਾਸਟ ਫੂਡ ਕੋਰਟ, ਢਾਬਿਆਂ ਉੱਪਰ ਬੈਠਕੇ ਖਾਣ ਦੀ ਇਜ਼ਾਜਤ ਨਹੀਂ ਹੋਵੇਗਾ ਜਦਕਿ ਉਹ ਟੇਕ-ਅਵੇ ਤੇ ਹੋਮ ਡਿਲਵਰੀ ਲਈ ਰਾਤ 9 ਵਜੇ ਤੱਕ ਕਰ ਸਕਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਉਪਰੋਕਤ ਥਾਵਾਂ ਵਿਖੇ ਅੰਦਰ ਬੈਠਕੇ ਖਾਣ ’ਤੇ ਬਿਲਕੁਲ ਪਾਬੰਦੀ ਹੈ। ਸਾਰੀਆਂ ਦੁਕਾਨਾਂ , ਜੋ ਕਿ ਮਾਲਾਂ ਤੇ ਮਲਟੀਪਲੈਕਸਾਂ ਵਿਖੇ ਵੀ ਹਨ, ਹਰ ਰੋਜ਼ ਸ਼ਾਮ 5 ਵਜੇ ਬੰਦ ਹੋਣਗੀਆਂ। ਸਾਰੀਆਂ ਹਫਤਾਵਾਰੀ ਮਾਰਕੀਟਾਂ (ਆਪਣੀ ਮੰਡੀ ਵਾਂਗ) ਬੰਦ ਰਹਿਣਗੀਆਂ। ਜਿਲ੍ਹੇ ਅੰਦਰ ਸਮਾਜਿਕ, ਸੱਭਿਆਚਾਰਕ , ਖੇਡਾਂ ਤੇ ਹੋਰਨਾਂ ਸਬੰਧਿਤ ਸਮਾਗਮਾਂ ਉੱਪਰ ਪੂਰਨ ਰੂਪ ਵਿਚ ਪਾਬੰਦੀ ਹੈ। ਵਿਆਹਾਂ ਤੇ ਅੰਤਿਮ ਰਸਮਾਂ ਦੌਰਾਨ 20 ਤੋਂ ਵੱਧ ਲੋਕਾਂ ਦੇ ਇਕੱਠ ’ਤੇ ਪਾਬੰਦੀ ਰਹੇਗੀ। 10 ਵਿਅਕਤੀਆਂ ਤੋਂ ਉੱਪਰ ਹਰ ਤਰ੍ਹਾਂ ਦੇ ਇਕੱਠ ਲਈ ਸਬੰਧਿਤ ਐਸ.ਡੀ.ਐਮ ’ਤੋਂ ਮਨਜੂਰੀ ਲੈਣੀ ਪਵੇਗੀ। ਅੰਤਿਮ ਰਸਮ ਤੇ ਸਸਕਾਰ ਵੇਲੇ ਨਿਰਧਾਰਿਤ ਸੀਮਾ ਅੰਦਰ ਦੀ ਗਿਣਤੀ ਦੇ ਵਿਅਕਤੀਆਂ ਲਈ ਮਨਜ਼ੂਰੀ ਦੀ ਲੋੜ ਨਹੀਂ। ਸਾਰੇ ਸਿਆਸੀ ਇਕੱਠਾਂ ਉੱਪਰ ਵੀ ਪੂਰਨ ਪਾਬੰਦੀ ਹੈ। ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਜਿਸ ਵਿਚ ਪ੍ਰਬੰਧਕ, ਭਾਗ ਲੈਣ ਵਾਲੇ , ਸਥਾਨ ਦੇ ਮਾਲਕ , ਟੈਂਟ ਹਾਊਸ ਮਾਲਕ ਵਿਰੁੱਧ ਕੇਸ ਦਰਜ ਕੀਤਾ ਜਾਵੇਗਾ। ਇਸ ਤੋਂ ਇਲਾਵਾ ਨਿਰਧਾਰਿਤ ਗਿਣਤੀ ਤੋਂ ਵੱਧ ਇਕੱਠ ਵਿਚ ਸ਼ਾਮਿਲ ਹੋਣ ਵਾਲਿਆਂ ਨੂੰ 5 ਦਿਨ ਦੇ ਹੋਮ ਕੁਆਰਨਟਾਇਨ ਕੀਤਾ ਜਾਵੇਗਾ। ਸਾਰੇ ਵਿਦਿਅਕ ਅਦਾਰੇ, ਸਕੂਲ ਤੇ ਕਾਲਜ ਬੰਦ ਰਹਿਣਗੇ ਜਦਕਿ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਹਾਜ਼ਰ ਰਹੇਗਾ। ਉਨ੍ਹਾਂ ਨਾਲ ਹੀ ਸਪੱਸ਼ਟ ਕੀਤਾ ਕਿ ਮੈਡੀਕਲ ਤੇ ਨਰਸਿੰਗ ਕਾਲਜ, ਸੰਸਥਾਵਾਂ ਖੁੱਲੀਆਂ ਰਹਿਣਗੀਆਂ। ਹਰ ਤਰ੍ਹਾਂ ਦੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਮੁਲਤਵੀ ਹਨ। ਸਾਰੇ ਪ੍ਰਾਈਵੇਟ ਦਫਤਰ, ਜਿਸ ਵਿਚ ਸੇਵਾ ਖੇਤਰ ਜਿਵੇਂ ਕਿ ਆਰਕੀਟੈਕਟ , ਸੀ.ਏ. , ਬੀਮਾ ਕੰਪਨੀਆਂ ਦੇ ਦਫਤਰਾਂ ਨੂੰ ਕੇਵਲ ‘ਵਰਕ ਫਰਾਮ ਹੋਮ ’ ਦੀ ਇਜ਼ਾਜ਼ਤ ਹੈ। ਸਰਕਾਰੀ ਦਫਤਰਾਂ ਵਿਚ 45 ਸਾਲ ਤੋਂ ਉੱਪਰ ਦੇ ਮੁਲਾਜਮਾਂ ਜਿਨ੍ਹਾਂ ਨੇ ਪਿਛਲੇ 15 ਦਿਨਾਂ ਅੰਦਰ ਵੈਕਸੀਨ ਨਹੀਂ ਲਗਵਾਈ ਹੈ, ਉਨ੍ਹਾਂ ਨੂੰ ਛੁੱਟੀ ਲੈ ਕੇ ਘਰ ਰਹਿਣ ਲਈ ਪ੍ਰੇਰਿਤ ਕੀਤਾ ਜਾਵੇ ਜਦ ਤੱਕ ਉਹ ਵੈਕਸੀਨ ਨਹੀਂ ਲਗਵਾ ਲੈਂਦੇ। ਉੱਚ ਪਾਜਟਿਵਵੀ ਖੇਤਰਾਂ ਅੰਦਰ ਮਾਈਕ੍ਰੋ ਕੰਟੇਨਮੈਂਟ ਜ਼ੋਨ ਵਧਾਉਣ ਉੱਪਰ ਜ਼ੋਰ ਦਿੱਤਾ ਗਿਆ ਹੈ।



ਸਾਰੇ ਸਰਕਾਰੀ ਦਫਤਰਾਂ ਵਿਚ ਪਬਲਿਕ ਡੀਲਿੰਗ ਕੇਵਲ ਉੱਥੇ ਹੀ ਕੀਤੀ ਜਾਵੇ ਜਿੱਥੇ ਬਹੁਤ ਜ਼ਰੂਰੀ ਹੋਵੇ। ਸਰਕਾਰੀ ਦਫਤਰਾਂ ਵਲੋਂ ਸ਼ਿਕਾਇਤ ਨਿਵਾਰਨ ਵੀ ਵਰਚੁਅਲ ਤੇ ਆਨਲਾਇਨ ਤਰੀਕੇ ਕਰਨ ਨੂੰ ਪਹਿਲੀ ਦਿੱਤੀ ਜਾਵੇ। ਮਾਲ ਵਿਭਾਗ ਨੂੰ ਵੀ ਅਪਆਇੰਟਮੈਂਟਾਂ ਸੀਮਤ ਕਰਨ ਲਈ ਕਿਹਾ ਗਿਆ ਹੈ।

**ਛੋਟਾਂ :** ਕਰਫਿਊ ਦੌਰਾਨ ਕੁਝ ਜ਼ਰੂਰੀ ਖੇਤਰਾਂ ਤੇ ਸੇਵਾਵਾਂ ਨੂੰ ਛੋਟ ਦਿੱਤੀ ਗਈ ਹੈ, ਜੋ ਕਿ ਕੋਵਿਡ ਪ੍ਰੋਟੋਕੋਲ ਦੀ ਪਾਲਣਾ ਕਰਕੇ ਕੰਮ ਕਰ ਸਕਦੇ ਹਨ। ਹਸਪਤਾਲ ਤੇ ਵੈਟਰਨਰੀ ਹਸਪਤਾਲ ਤੋਂ ਇਲਾਵਾ ਦਵਾਈਆਂ ਤੇ ਮੈਡੀਕਲ ਯੰਤਰਾਂ ਦੇ ਉਤਪਾਦਨ ਤੇ ਸਪਲਾਈ ਨਾਲ ਜੁੜੇ ਸਰਕਾਰੀ ਤੇ ਨਿੱਜੀ ਅਦਾਰੇ। ਇਨ੍ਹਾਂ ਅਦਾਰਿਆਂ ਵਿਚ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਅਦਾਰੇ ਵਲੋਂ ਦਿੱਤਾ ਗਿਆ ਸ਼ਨਾਖਤੀ ਕਾਰਡ ਦਿਖਾਉਣ ’ਤੇ ਸਫਰ ਕਰਨ ਦੀ ਇਜ਼ਾਜਤ ਹੋਵੇਗੀ।

**ਈ-ਕਾਮਰਸ ਤੇ ਵਸਤਾਂ ਦੀ ਢੋਆ ਢੁਆਈ।**

ਕੈਮਿਸਟ ਸ਼ਾਪ ਤੇ ਜ਼ਰੂਰੀ ਵਸਤਾਂ ਜਿਵੇਂ ਕਿ ਦੁੱਧ, ਬਰੈਡ, ਸਬਜ਼ੀਆਂ, ਫਰੂਟ, ਡੇਅਰੀ ਤੇ ਪੋਲਟਰੀ ਉਤਪਾਦ ਜਿਵੇਂ ਕਿ ਮੀਟ ਤੇ ਆਂਡੇ ਆਦਿ।

ਹਵਾਈ ,ਟਰੇਨ ਤੇ ਬੱਸਾਂ ਰਾਹੀਂ ‘ਕਿੱਥੋਂ ਤੋਂ ਕਿੱਥੇ’ ਜਾਣਾ ਦੇ ਦਸਤਾਵੇਜ ਦਿਖਾਕੇ ਸਫਰ ਕਰਨਾ।

ਖੇਤੀ ਨਾਲ ਸਬੰਧਿਤ ਕੰਮ ਜਿਵੇਂ ਕਿ ਖਰੀਦ, ਬਾਗਬਾਨੀ, ਪਸ਼ੂ ਪਾਲਣ ਤੇ ਵੈਟਰਨਰੀ ਨਾਲ ਸਬੰਧਿਤ ਸੇਵਾਵਾਂ।

ਵੈਕਸੀਨੇਸ਼ਨ ਲਈ ਆਊਟ ਰੀਚ ਕੈਂਪਾਂ ’ਤੇ ਲੋਕਾਂ ਦੀ ਅਵਾਜਾਈ।

ਮੈਨੂਫੈਕਚਰਿੰਗ ਖੇਤਰ ਦੀਆਂ ਗਤੀਵਿਧੀਆਂ ਤੇ ਉਨ੍ਹਾਂ ਦੇ ਕਰਮਚਾਰੀਆਂ ਤੇ ਵਾਹਨਾਂ ਦੀ ਆਵਾਜਾਈ ਬਸ਼ਰਤੇ ਕਿ ਉਹ ਸਬੰਧਿਤ ਰੁਜ਼ਗਾਰਦਾਤੇ ਕੋਲੋਂ ਲੋੜੀਂਦੀ ਮਨਜ਼ੂਰੀ ਦਿਖਾਉਣ। ਟੈਲੀਕਮਿਊਨੀਕੇਸ਼ਨ , ਇੰਟਰਨੈਟ , ਬਰਾਡਕਾਸਟਿੰਗ , ਕੇਬਲ ਸੇਵਾ, ਆਈ.ਟੀ ਤੇ ਆਈ.ਟੀ. ਵਾਲੀਆਂ ਸੇਵਾਵਾਂ ਚਾਲੂ ਰਹਿਣਗੀਆਂ।

ਪੈਟਰੋਲ ਪੰਪ ਤੇ ਪੈਟਰੋਲੀਅਮ ਉਤਪਾਦ, ਐਲ.ਪੀ.ਜੀ. ਗੈਸ, ਗੈਸ ਰਿਟੇਲ ਤੇ ਸਟੋਰੇਜ਼ , ਊਰਜਾ ਉਤਪਾਦਨ, ਟਰਾਂਸਮਿਸ਼ਨ ਤੇ ਵੰਡ ਯੂਨਿਟ ਸੇਵਾਵਾਂ। ਕੋਲਡ ਸਟੋਰੇਜ ਤੇ ਵੇਅਰਹਾਊਸ ਸਰਵਿਸਜ਼ ਸਾਰੀਆਂ ਬੈਂਕਿੰਗ ਤੇ ਭਾਰਤੀ ਰਿਜ਼ਰਵ ਬੈਂਕ, ਏ.ਟੀ.ਐਮ. ਕੈਸ਼ ਵੈਨਾਂ ਤੇ ਕੈਸ਼ ਦੀ ਵੰਡ ਦੀਆਂ ਸੇਵਾਵਾਂ। ਉਨ੍ਹਾਂ ਸਪੱਸ਼ਟ ਕੀਤਾ ਕਿ ਉਪਰੋਕਤ ਛੋਟਾਂ ਵਾਲੀਆਂ ਸੇਵਾਵਾਂ ਨੂੰ ਵੀ ਕੋਵਿਡ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨੀ ਹੋਵੇਗੀ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

# ਮਿਲਕ ਪਲਾਂਟ ਵਿਖੇ ਲਹਿਰਾਇਆ ਝੰਡਾ, ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ



**ਕੋਟਕਪੂਰਾ।** ਅੱਜ ਸਥਾਨਕ ਆਰ.ਐਮ.ਆਈ. ਫੂਡਜ਼ ਲਿਮਟਿਡ ਵਰਕਰਜ਼ ਯੂਨੀਅਨ ਵੱਲੋਂ ਮਿਲਕ ਪਲਾਂਟ ਦੇ ਗੇਟ ’ਤੇ ਮਈ ਦਿਵਸ ਦਾ ਝੰਡਾ ਲਹਿਰਾਇਆ ਗਿਆ ਅਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਇਸ ਮੌਕੇ ਜੱਥੇਬੰਦੀ ਦੇ ਪ੍ਰਧਾਨ ਦਰਸ਼ਨ ਸਿੰਘ ਸਰਾਵਾਂ, ਰੇਸ਼ਮ ਸਿੰਘ ਵਾਂਦਰ ਜਟਾਣਾ ਅਤੇ ਗੁਰਜੰਟ ਸਿੰਘ ਸਿੱਖਾਂਵਾਲਾ ਨੇ ਸੰਬੋਧਨ ਕਰਦਿਆਂ ਆਖਿਆ ਕਿ ਅੱਜ ਤੋਂ 135 ਸਾਲ ਪਹਿਲਾਂ 8 ਘੰਟੇ ਕੰਮ ਦਿਹਾੜੀ ਦੀ ਮੰਗ ਨੂੰ ਲੈ ਕੇ ਸ਼ਿਕਾਗੋ ਸ਼ਹਿਰ ਦੇ ਮਜ਼ਦੂਰਾਂ ਨੇ ਸੀਨੇ ’ਤੇ ਗੋਲੀਆਂ ਖਾਧੀਆਂ ਤੇ ਫਾਂਸੀਆਂ ’ਤੇ ਚੜਾਏ ਗਏ ਪਰ ਅੱਜ ਮੋਦੀ ਸਰਕਾਰ ਕਾਰਪੋਰੇਟਾਂ ਦੇ ਦਬਾਅ ਹੇਠ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੇ ਰਾਹ ਪੈ ਚੁੱਕੀ ਹੈ, ਜਿਸਨੂੰ ਦੇਸ਼ ਦੀ ਮਜ਼ਦੂਰ ਜਮਾਤ ਹਰਗਿਜ ਬਰਦਾਸ਼ਤ ਨਹੀਂ ਕਰੇਗੀ। ਆਉਣ ਵਾਲੇ ਸਮੇਂ ’ਚ ਕਿਸਾਨਾਂ ਅਤੇ ਹੋਰ ਮਿਹਨਤਕਸ਼ ਵਰਗਾਂ ਨੂੰ ਨਾਲ ਲੈ ਕੇ ਮੋਦੀ ਸਰਕਾਰ ਦੇ ਇਸ ਪਿਛਾਖੜੀ ਹਮਲੇ ਦਾ ਜੋਰਦਾਰ ਢੰਗ ਨਾਲ ਜਵਾਬ ਦਿੱਤਾ ਜਾਵੇਗਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਗੁਰਵਿੰਦਰ ਸਿੰਘ, ਸੁਖਵੀਰ ਸ਼ਰਮਾ, ਰਣਜੀਤ ਸ਼ਰਮਾ, ਸੋਨੂੰ ਸ਼ਰਮਾ, ਤਰਸੇਮ ਲਾਲ ਸ਼ਰਮਾ, ਬਲਵਿੰਦਰ ਸਿੰਘ ਦੇਵੀਵਾਲਾ ਆਦਿ ਵਰਕਰ ਵੀ ਹਾਜ਼ਰ ਸਨ।

# ਸੱਟਾ ਬਾਜ਼ਾਰ ਵਿਖੇ ਇਲੈਕਟ੍ਰੀਕਲ ਵਰਕਸ ਦੇ ਬਾਹਰ ਕਿਸਾਨਾਂ ਨੇ ਦਿੱਤਾ ਧਰਨਾ

**ਕੋਟਕਪੁਰਾ (ਰੋਹਿਤ ਆਜ਼ਾਦ)** ਜਿੱਥੇ ਇੱਕ ਪਾਸੇ ਸ਼ਾਮ 5 ਵੱਜਦਿਆਂ ਹੀ ਸਾਰਾ ਸ਼ਹਿਰ ਬੰਦ ਹੋਣ ਲੱਗ ਜਾਂਦਾ ਉੱਥੇ ਹੀ ਅੱਜ ਸ਼ਾਮ 05 ਵੱਜਣ ਤੋਂ ਪਹਿਲਾਂ ਹੀ ਇੱਕ ਬਿਜਲੀ ਵਾਲੀ ਦੁਕਾਨ ਦੇ ਮਾਲਿਕ ਅਤੇ ਗ੍ਰਾਹਕ ਵਿਚਾਲੇ ਇੱਕ ਬਿਜਲੀ ਦੀ ਬੈਟਰੀ ਨੂੰ ਲੈਕੇ ਝਗੜਾ ਹੋ ਜਾਣ ਦਾ ਪਤਾ ਚੱਲਿਆ ਹੈ ਅਤੇ ਇਸ ਦੌਰਾਣ ਉਸ ਗ੍ਰਾਹਕ ਦਾ ਕਹਿਣਾ ਹੈ ਕਿ ਉਸਦੇ ਨਾਲ ਆਏ ਉਸਦੇ ਸਾਥਿਆਂ ਨਾਲ ਵੀ ਉਸ ਬਿਜਲੀ ਵਾਲੀ ਦੁਕਾਨ ਦੇ ਮਾਲਿਕ ਨੇ ਦੁਰਵਿਹਾਰ ਕਰਨ ਤੋਂ ਇਲਾਵਾ ਗਾਲੀ-ਗਲੌਚ ਅਤੇ ਧੱਕਾ-ਮੁੱਕੀ ਵੀ ਕੀਤੀ। ਇਸ ਸਮੇਂ ਮੌਜੂਦ ਪੀੜਤ ਭਾਕਿਯੂ ਏਕਤਾ ਡਕੌਂਦਾ ਦੇ ਮੀਤ ਪ੍ਰਧਾਨ ਗੁਰਜੰਟ ਸਰਾਂ ਪੰਜਗਰਾਈਂ ਨੇ ਆਖਿਆ ਕੀ ਉਹ ਸਾਲ 2020 ਦੇ ਜੁਲਾਈ ਮਹਿਨੇ ਵਿੱਚ ਇੱਥੋਂ ਸਾਜਨ ਇਲੈਕਟ੍ਰੀਕਲ ਵਰਕਸ ਤੋਂ ਇਕ ਬਿਜਲੀ ਵਾਲੀ ਬੈਟਰੀ ਲੈਕੇ ਗਿਆ ਸੀ ਜੋ ਕਿ ਕੁਝ ਦਿਨਾਂ ਬਾਅਦ ਹੀ ਖਰਾਬ ਜਿਹੀ ਹੋ ਗਈ ਸੀ। ਜਿਸਨੂੰ ਇਸ ਦੁਕਾਨ ਦੇ ਮਾਲਿਕ ਵੱਲੋਂ ਬਦਲਕੇ ਨਹੀਂ ਦਿੱਤਾ ਅਤੇ ਆਖਿਆ ਕਿ ਫਿਲਹਾਲ ਇਹ ਬੈਟਰੀ ਹਾਲੇ ਹੈ ਨਹੀਂ ਜਦੋਂ ਆ ਗਈ ਤਾਂ ਬਦਲ ਦੇਆਂਗੇਂ। ਉਸਤੋਂ ਬਾਅਦ ਪੀੜਤ ਗੁਰਜੰਟ ਸਿੰਘ ਨੇ ਕਾਫੀ ਚੱਕਰ ਕੱਟੇ ਅਤੇ ਇਸ ਦੌਰਾਣ ਉਸ ਉਕਤ ਦੁਕਾਨ ਦੇ ਗੁਆਂਢੀ ਦੁਕਾਨਦਾਰ ਦਾ ਪੀੜਤ ਗੁਰਜੰਟ ਸਿੰਘ ਦੇ ਪਿੰਡ ਪੰਜਗਰਾਈਂ ਵਿਖੇ ਕਾਫੀ ਆਉਣਾ-ਜਾਣਾ ਸੀ ਤਾਂ ਪੀੜਤ ਗੁਰਜੰਟ ਸਿੰਘ ਨੇ ਉਸਦੇ ਗੁਆਂਢੀ ਨੂੰ ਉਹ ਬੈਟਰੀ ਬਦਲਾਉਣ ਲਈ ਦੇ ਦਿੱਤੀ ਪਰ ਉਸ ਦੁਕਾਨਦਾਰ ਨੇ ਆਪਣੇ ਗੁਆਂਢੀ ਦੁਕਾਨਦਾਰ ਦੇ ਵੀ ਵਾਰ-ਵਾਰ ਗੇੜੇ ਲਗਾਉਣ ਤੋਂ ਬਾਅਦ ਵੀ ਬੈਟਰੀ ਦਾ ਬਦਲ ਨਹੀਂ ਕੀਤਾ। ਇਸ ਕਾਰਣ ਅੱਕਿਆ ਗੁਰਜੰਟ ਸਿੰਘ ਅੱਜ ਆਪ ਇੱਕ ਵਾਰ ਫਿਰ ਉਸ ਦੁਕਾਨ ਤੇ ਆਪਣੀ ਬੈਟਰੀ ਬਦਲਾਉਣ ਲਈ ਆਇਆ ਜਿੱਥੇ ਉਸਦੀ ਅੱਜ ਉਸਦੀ ਅਤੇ ਉਸਦੇ ਨਾਲ ਆਏ ਸਾਥਿਆਂ ਦੀ ਉਸ ਉਕਤ ਦੁਕਾਨਦਾਰ ਨਾਲ ਹੱਥੋਪਾਈ ਹੋ ਗਈ। ਜਿਸਦੇ ਚੱਲਦਿਆਂ ਉਸਨੇ ਆਪਣੀ ਭਾਕਿਯੂ ਏਕਤਾ ਡਕੌਂਦਾ ਦੇ ਹੋਰ ਅਹੁਦੇਦਾਰ ਅਤੇ ਮੈਂਬਰਾਂ ਨੂੰ ਮੌਕੇ ਤੇ ਬੁਲਾਕੇ ਸਾਜਨ ਇਲੈਕਟ੍ਰੀਕਲ ਵਰਕਸ ਦੇ ਬਾਹਰ ਧਰਨਾ ਪ੍ਰਦਰਸ਼ਨ ਕੀਤਾ। ਖ਼ਬਰ ਲਿਖੇ ਜਾਣ ਤੱਕ ਇਸ ਸਮੇਂ ਧਰਨੇ ਵਾਲੀ ਥਾਂ ਤੇ ਐਸਐਚਓ ਥਾਣਾ ਸਿਟੀ ਕੋਟਕਪੂਰਾ ਇੰਸਪੈਕਟਰ ਗੁਰਮੀਤ ਸਿੰਘ ਵੀ ਆਪਣੀ ਟੀਮ ਸਹਿਤ ਧਰਨਾ ਖਤਮ ਕਰਵਾਉਣ ਦੇ ਕਾਫੀ ਯਤਨ ਕਰਦੇ ਦੇਖੇ ਗਏ। ਇਸ ਮੌਕੇ ਉਕਤ ਤੋਂ ਇਲਾਵਾ ਅਮਨ ਨਾਨਕਸਰ ਬਲਾਕ ਆਗੂ, ਸੁਖਰਾਜ ਸਿੰਘ ਜਨਰਲ ਸਕੱਤਰ, ਹਰਦੇਵ ਘਣੀਏਵਾਲਾ ਪ੍ਰਧਾਨ, ਗੁਰਕੋਮਲ, ਬਲਜਿੰਦਰ ਗੱਗਾ, ਰਾਜਵਿੰਦਰ ਸਿੰਘ, ਜੁਗਰਾਜ ਸਿੰਘ ਕੋਠੇ ਥੇਹ, ਮੇਜਰ ਸਿੰਘ ਗਿੱਲ, ਕੁਲਦੀਪ ਸਿੰਘ, ਜੱਥੇਦਾਰ ਬਲਦੇਵ ਸਿੰਘ ਅਤੇ ਯੂਨੀਅਨ ਦੇ ਹੋਰ ਵੀ ਕਿਸਾਨ ਆਦਿ ਹਾਜਰ ਸਨ। ਉੱਧਰ ਸਾਜਨ ਇਲੈਕਟ੍ਰੀਕਲ ਵਰਕਸ ਦੇ ਮਾਲਿਕ ਮਹਿਲਾ ਦੁਕਾਨਦਾਰ ਦਾ ਇਹ ਕਹਿਣਾ ਹੈ ਕਿ ਇਹ ਜੋ ਲੋਕ ਉਨਾਂ ਤੇ ਇਲਜ਼ਾਮ ਲਗਾ ਰਹੇ ਹਨ ਇਹ ਸਾਰੇ ਬੇਬੁਨਿਆਦ ਹਨ ਤੇ ਬਾਕਿ ਜੋ ਇਹ ਬੈਟਰੀ ਲੈਕੇ ਗਿਆ ਸੀ ਉਹ ਖੁਦ ਨਹੀਂ ਆਇਆ ਬੈਟਰੀ ਬਦਲਾਉਣ ਤੇ ਅਸੀਂ ਵੀ ਕਿਸ ਤਰਾਂ ਕਿਸੇ ਹੋਰ ਵਿਅਕਤੀ ਨੂੰ ਸਾਮਾਨ ਬਦਲਕੇ ਦੇ ਸਕਦੇ ਹਾਂ।

# ਨਗਰ ਨਿਗਮ ਕਮਿਸ਼ਨਰ ਨੇ ਕੀਤਾ ਕਾਲਕਾ-ਪਿੰਜੌਰ ਦਾ ਦੌਰਾ

**ਪੰਚਕੂਲਾ (ਦੀਪਕ ਸ਼ਰਮਾ)** ਕੋਰੋਨਾ ਦੇ ਵੱਧ ਰਹੇ ਸੰਕ੍ਰਮਣ ਦੇ ਮੱਦੇਨਜਰ, ਨਗਰ ਨਿਗਮ ਕਮਿਸਨਰ ਆਰ.ਕੇ. ਸਿੰਘ ਨੇ ਕਾਲਕਾ-ਪਿੰਜੌਰ ਦਾ ਦੌਰਾ ਕੀਤਾ । ਇਸ ਦੌਰਾਨ ਉਨਾਂ ਨਿਗਮ ਦੇ ਅਧਿਕਾਰੀਆਂ ਨੂੰ ਦੋਵਾਂ ਥਾਵਾਂ ’ਤੇ ਸਵੱਛਤਾ ਨੂੰ ਮਜਬੂਤ ਕਰਨ ਦੇ ਨਿਰਦੇਸ ਦਿੱਤੇ । ਉਨਾਂ ਕਾਲਕਾ ਦੇ ਅੰਬੇਦਕਰ ਭਵਨ ਵਿਖੇ ਨਾਰੀਅਲ ਭੰਨ ਕੇ ਸਫਾਈ ਮਸੀਨ ਦਾ ਉਦਘਾਟਨ ਵੀ ਕੀਤਾ । ਨਿਗਮ ਕਮਿਸਨਰ ਨੇ ਅਧਿਕਾਰੀਆਂ ਦੀ ਟੀਮ ਦੇ ਨਾਲ ਪਿੰਜੌਰ ਦੇ ਪਿੰਡ ਹਿਮਸੀਖਾ, ਕਾਲਕਾ ਦੇ ਰਾਮਬਾਗ ਅਤੇ ਪਿੰਡ ਮਾਜਰਾ ਮਹਿਤਾਬ ਦੇ ਸਮਸਾਨ ਘਾਟ ਦਾ ਵੀ ਨਿਰੀਖਣ ਕੀਤਾ ।ਉਨਾਂ ਕਿਹਾ ਕਿ ਉਨਾਂ ਨੂੰ ਲੱਕੜ, ਪੀਣ ਵਾਲੇ ਪਾਣੀ ਅਤੇ ਸਾਫ ਸਫਾਈ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ । ਉਨਾਂ ਨੇ ਨਿਗਮ ਦੁਆਰਾ 49 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਗਏ ਹਿਮਸੀਖਾ ਵਿਖੇ ਸੈਨੀਟਾਈਜਰ ਪਾਰਕ ਦਾ ਵੀ ਦੌਰਾ ਕੀਤਾ । ਉਨਾਂ ਬਾਕੀ ਕੰਮਾਂ ਨੂੰ ਜਲਦੀ ਪੂਰਾ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ । ਉਨਾਂ ਨਗਰ ਨਿਗਮ ਦੇ ਸਮਸਾਨਘਾਟ ਦੇ ਜਮੀਨੀ ਰਿਕਾਰਡ ਦੀ ਪਹਿਲ ਦੇ ਅਧਾਰ ਤੇ ਰਿਪੋਰਟ ਸੌਂਪਣ ਦੇ ਨਿਰਦੇਸ ਵੀ ਦਿੱਤੇ । ਕਮਿਸਨਰ ਆਰ ਕੇ ਸਿੰਘ ਨੇ ਕਾਲਕਾ ਵਿਖੇ ਰੇਲਵੇ ਸਟੇਸਨ ਦਾ ਦੌਰਾ ਕੀਤਾ ਅਤੇ ਉਥੇ ਸਾਫ-ਸਫਾਈ ਅਤੇ ਪਲਾਸਟਿਕ ਦੀ ਵਰਤੋਂ ਨੂੰ ਰੋਕਣ ਦੇ ਆਦੇਸ ਦਿੱਤੇ । ਇਸ ਤੋਂ ਬਾਅਦ ਉਹ ਕਾਲਕਾ ਸਥਿਤ ਅੰਬੇਦਕਰ ਭਵਨ ਪਹੁੰਚੇ । ਉਨਾਂ ਕਾਲਕਾ ਦੇ ਕਾਰਜਸਾਧਕ ਅਫਸਰ ਨਿਸਾ ਸਰਮਾ ਨੂੰ ਹਦਾਇਤ ਕੀਤੀ ਕਿ ਉਹ ਇਮਾਰਤ ਦੇ ਰੰਗ ਰੋਗਨ ਅਤੇ ਹੋਰ ਮੁਰੰਮਤ ਦਾ ਐਸਟੀਮੇਟ ਬਣਾ ਕੇ ਜਲਦੀ ਭੇਜ ਦੇਣ। ਇਸ ਮੌਕੇ ਕਾਲਕਾ ਸਥਿਤ ਅੰਬੇਦਕਰ ਭਵਨ ਦੇ ਅਹਾਤੇ ਤੋਂ ਨਾਰੀਅਲ ਤੋੜ ਕੇ ਸਫਾਈ ਮਸੀਨ ਦਾ ਉਦਘਾਟਨ ਕੀਤਾ ਗਿਆ । ਉਨਾਂ ਨੇ ਕਾਰਜਕਾਰੀ ਅਧਿਕਾਰੀ ਨੂੰ ਵਿਸੇਸ ਤੌਰ ‘ਤੇ ਆਦੇਸ ਦਿੱਤਾ ਕਿ ਨਿਗਮ ਦੀ ਤਰਫੋਂ ਗਠਿਤ ਸੈਨੀਟਾਈਜਰ ਟੀਮ ਖੁਦ ਨੂੰ ਇਹ ਸੁਨਿਸਚਿਤ ਕਰੇ ਕਿ ਟੀਮ ਦੁਆਰਾ ਸਵੱਛਤਾ ਕਾਰਜ ਸਹੀ ਢੰਗ ਨਾਲ ਚੱਲ ਰਿਹਾ ਹੈ। ਇਸ ਦੇ ਨਾਲ ਹੀ ਉਨਾਂ ਸਫਾਈ ਮਸੀਨ ਦਾ ਸਵੈ-ਨਿਰੀਖਣ ਕਰਨ ਦਾ ਨਿਰਦੇਸ ਦਿਤਾ । ਕਾਲਕਾ ਕਾਰਜਕਾਰੀ ਅਧਿਕਾਰੀ ਨਿਸਾ ਸਰਮਾ, ਨਿਗਮ ਦੇ ਕਾਰਜਕਾਰੀ ਇੰਜੀਨੀਅਰ ਅੰਕਿਤ ਲੋਹਾਨ, ਐਸ.ਡੀ.ਓ ਰਵਿੰਦਰ ਮਲਿਕ, ਜੇ.ਈ ਜਤਿਨ, ਸੀ.ਐਸ.ਆਈ ਸੁਨੀਲ ਦੱਤ ਕੌਸਕਿ, ਕਮਿਸਨਰ ਆਰ ਕੇ ਸਿੰਘ ਇਸ ਮੌਕੇ ਹਾਜਰ ਸਨ ।

# ਤਲਾਸ਼ੀ ਦੌਰਾਣ ਨਜਾਇਜ ਸ਼ਰਾਬ, ਸ਼ੀਲਾਂ, ਬੋਤਲਾਂ ਦੇ ਢੱਕਣ ਅਤੇ ਨਸ਼ੇ ਦੀਆਂ ਗੋਲੀਆਂ ਵੀ ਹੋਇਆਂ ਬਰਾਮਦ

**ਕੋਟਕਪੂਰਾ (ਰੋਹਿਤ ਆਜ਼ਾਦ)** ਕੋਟਕਪੂਰਾ ਦੇ ਮੁਕਤਸਰ ਰੋਡ ’ਤੇ ਸਥਿਤ ‘ਸਮਾਰਟ ਚੁਆਇਸ’ ਨਾਂਅ ਦੇ ਰੇਡੀਮੇਡ ਕੱਪੜਿਆਂ ਦੇ ਸ਼ੋਅਰੂਮ ਵਿਖੇ ਐਕਸਾਈਜ ਵਿਭਾਗ ਅਤੇ ਪੁਲਿਸ ਵੱਲੋਂ ਸਾਂਝੇ ਤੌਰ ਤੇ ਕੀਤੀ ਗਈ ਕਾਰਵਾਈ ਦੌਰਾਣ ਦੋਨਾਂ ਵਿਭਾਗਾਂ ਵੱਲੋਂ ਪੱਤਰਕਾਰਾਂ ਨੂੰ ਦਿੱਤੀ ਗਈ ਜਾਣਕਾਰੀ ਮੌਕੇ ਵੱਡੀ ਮਾਤਰਾ ਵਿੱਚ ਨਜਾਇਜ ਸ਼ਰਾਬ ਬਰਾਮਦ ਕਰਨ ਲਏ ਜਾਣ ਦਾ ਦਾਅਵਾ ਕੀਤਾ ਗਿਆ ਹੈ। ਐਕਸਾਈਜ ਵਿਭਾਗ ਦੇ ਈਟੀਓ ਸਤੀਸ਼ ਗੋਇਲ ਅਤੇ ਡੀਐਸਪੀ ਕੋਟਕਪੂਰਾ ਸਰਦਾਰ ਬਲਕਾਰ ਸਿੰਘ ਸੰਧੂ ਦੀ ਅਗਵਾਈ ਹੇਠ ਸਾਂਝੇ ਤੌਰ ’ਤੇ ਲਗਾਤਾਰ ਚਾਰ ਘੰਟਿਆਂ ਤੱਕ ਚੱਲੀ ਇਸ ਜਾਂਚ ਦੌਰਾਣ ਐਕਸਾਈਜ ਵਿਭਾਗ ਵਲੋਂ ਹੋਰ ਵੀ ਕਈ ਨਵੇਂ ਤੋਂ ਨਵੇਂ ਖੁਲਾਸੇ ਕਰਦਿਆਂ ਉਨਾਂ ਦੱਸਿਆ ਕਿ ਖਾਸ ਮੁਖ਼ਬਰ ਦੀ ਸੂਚਨਾ ਦੇ ਅਧਾਰ ’ਤੇ ਕਾਰਵਾਈ ਕਰਦਿਆਂ ਹੋਇਆਂ ਉਨਾਂ ਵੱਲੋਂ ਇਸ ਉਕਤ ਸ਼ੋਅਰੂਮ ਦੇ ਉਪਰੋਂ ਦੀ ਅੰਦਰ ਦਾਖਲ ਹੋਕੇ ਇਸ ਰੇਡ ਨੂੰ ਅੰਜਾਮ ਦਿੱਤਾ ਗਿਆ ਸੀ ਜਿੱਥੋਂ ਕਿ ਸਾਨੂੰ ਸ਼ੋਅਰੂਮ ਅੰਦਰੋਂ ਨਕਲੀ ਸ਼ਰਾਬ ਬਰਾਮਦ ਹੋਈ ਹੈ ਜੋ ਕਿ ਮਹਿੰਗੇ ਬਰਾਂਡ ਵਾਲੀਆਂ ਬੋਤਲਾਂ ਵਿੱਚ ਭਰ ਕੇ ਵੇਚੀ ਜਾ ਰਹੀ ਸੀ। ਉਨਾਂ ਦੱਸਿਆ ਕਿ ਉੱਥੋਂ ਸਾਨੂੰ ਖਾਲੀ ਬੋਤਲਾਂ, ਢੱਕਣ, ਸੀਲਾਂ ਅਤੇ ਨਸ਼ੀਲੀਆਂ ਗੋਲੀਆਂ ਸਮੇਤ ਹੋਰ ਵੀ ਅਜਿਹਾ ਸਮਾਨ ਬਰਾਮਦ ਹੋਇਆ ਹੈ ਜਿਸ ਦੀ ਜਾਂਚ ਕੀਤੀ ਜਾ ਰਹੀ ਹੈ। ਉਨਾਂ ਦੱਸਿਆ ਕਿ ਉਨਾਂ ਵੱਲੋਂ ਪੁਲਿਸ ਨੂੰ ਇਕ ਰਿਵਾਲਵਰ ਦਾ ਕਵਰ ਵੀ ਸੌਂਪਿਆ, ਜਿਸ ਵਿੱਚ ਅਜੇ 6 ਜਿੰਦਾ ਕਾਰਤੂਸ ਵੀ ਸਨ ਅਤੇ ਉਨਾਂ ਸਾਰਾ ਸਾਮਾਨ ਪੁਲਸ ਵਿਭਾਗ ਨੂੰ ਅਗਲੇਰੀ ਕਾਰਵਾਈ ਲਈ ਸੌਂਪਿਆ ਜਾ ਚੁੱਕਿਆ ਹੈ। ਇਸ ਸਮੇਂ ਥਾਣਾ ਸਿਟੀ ਕੋਟਕਪੂਰਾ ਦੇ ਐਸਐਚਓ ਇੰਸਪੈਕਟਰ ਗੁਰਮੀਤ ਸਿੰਘ ਨੇ ਦੱਸਿਆ ਕਿ ਐਕਸਾਈਜ ਵਿਭਾਗ ਦੇ ਇੰਸਪੈਕਟਰ ਸੁਖਵੰਤ ਸਿੰਘ ਦੀ ਲਿਖਤੀ ਸ਼ਿਕਾਇਤ ਉਨਾਂ ਨੂੰ ਮਿਲੀ ਸੀ ਜਿਸ ਵਿੱਚ ਉਨਾਂ ਵੱਲੋਂ ਇਸ ਉਕਤ ਜਗ੍ਹਾ ਤੇ ਨਜਾਇਜ਼ ਸ਼ਰਾਬ ਹੋਣ ਦੀ ਮਿਲੀ ਖਬਰ ਤੇ ਕਾਰਵਾਈ ਕੀਤੀ ਗਈ ਸੀ। ਉਨਾਂ ਦੇ ਬਿਆਨਾਂ ਦੇ ਆਧਾਰ ’ਤੇ ਸ਼ੋਅਰੂਮ ਦੇ ਮਾਲਕ ਮਨਿੰਦਰ ਸਿੰਘ ਉਰਫ ਲਵਲੀ ਪੁੱਤਰ ਨਰਿੰਦਰ ਸਿੰਘ ਵਾਸੀ ਮੁਕਤਸਰ ਰੋਡ, ਸਮਾਰਟ ਸ਼ੋਅਰੂਮ ਕੋਟਕਪੂਰਾ ਖਿਲਾਫ਼ ਮੁਕੱਦਮਾ ਨੰਬਰ- 91 ਮਿਤੀ 30-04-2021 ਧਾਰਾ 420 ਆਈਪੀਸੀ, 61/64/1/14 ਐਕਸਾਇਜ ਐਕਟ ਵਾਧਾ ਜੁਰਮ ਰਪਟ ਨੰਬਰ-2 ਮਿਤੀ 30-04-2021 ਅਧੀਨ ਧਾਰਾ 22ਏ ਐਨਡੀਪੀਐਸ ਐਕਟ 25/54/59 ਆਰਮਜ ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਸ ਕੇਸ ਵਿੱਚ ਜੋ ਵੀ ਦੋਸ਼ੀ ਪਾਇਆ ਗਿਆ ਉਸ ਖ਼ਲਿਾਫ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨਾਂ ਕਿਹਾ ਕਿ ਹਾਲੇ ਫਿਲਹਾਲ ਇਸ ਕੇਸ ਵਿੱਚ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ ਤੇ ਬਾਕਿ ਜੋ ਵੀ ਦੋਸ਼ੀ ਸਾਹਮਣੇ ਆਇਆ ਉਸਨੂੰ ਬਖਸ਼ਿਆ ਨਹੀਂ ਜਾਵੇਗਾ।